ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post
To view our online newspaper visit punjabipost.ca/epaper | Vol 21* Issue 147 | Wednesday, July 27, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

## ਗੋ ਟਰੇਨ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਬੱਚੇ ਦੀ ਹੋਈ ਮੌਤ



ਮਿਸੀਸਾਗਾ, 26 ਜੁਲਾਈ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਮੰਗਲਵਾਰ ਸ਼ਾਮ ਨੂੰ ਗੋ ਟਰੇਨ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਬੱਚੇ ਦੀ ਮੌਤ ਹੋ ਗਈ। ਇਹ ਜਾਣਕਾਰੀ ਐਮਰਜੰਸੀ ਕ੍ਰਿਊ ਵੱਲੋਂ ਦਿੱਤੀ ਗਈ। ਸ਼ਾਮੀਂ 7:30 ਵਜੇ ਤੋਂ ਬਾਅਦ ਡੰਡਸ ਸਟਰੀਟ ਤੇ ਕਾਥਰਾ ਰੋਡ ਨੇੜੇ ਲੋਲਿਤਾ ਗਾਰਡਨਜ਼ ਤੇ ਸਿਲਵਰ ਕ੍ਰੀਕ ਬੁਲੇਵਾਰਡ ਉੱਤੇ ਐਮਰਜੰਸੀ ਅਮਲੇ ਨੂੰ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਬੱਚੇ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਬੱਚੇ ਦੀ ਉਮਰ ਤੇ ਲਿੰਗ ਬਾਰੇ ਅਜੇ ਕੋਈ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ ਹੈ ਪਰ ਪੈਰਾਮੈਡਿਕਸ ਨੇ ਦੱਸਿਆ ਕਿ ਬੱਚਾ 16 ਸਾਲ ਤੋਂ ਘੱਟ ਉਮਰ ਦਾ ਹੈ। ਇਹ ਵੀ ਸਪਸ਼ਟ ਨਹੀਂ ਹੋ ਸਕਿਆ ਕਿ ਹਾਦਸੇ ਸਮੇਂ ਬੱਚੇ ਦੇ ਮਾਪੇ ਉਸ ਨਾਲ ਸਨ ਜਾਂ ਨਹੀਂ।

## ਗੈਸ ਦੀਆਂ ਕੀਮਤਾਂ ਵਿਚ ਇਕ ਵਾਰੀ ਮੁੜ ਹੋਵੇਗਾ ਵਾਧਾ

ਟੋਰਾਂਟੋ, 26 ਜੁਲਾਈ (ਪੋਸਟ ਬਿਊਰੋ) : ਟੋਰਾਂਟੋ ਦੇ ਡਰਾਈਵਰ ਇਸ ਲਾਂਗ ਵੀਕੈਂਡ ਤੋਂ ਬਾਅਦ ਮੰਗਲਵਾਰ ਨੂੰ ਇਹ ਯਕੀਨੀ ਬਣਾਉਣਾ ਚਾਹੁਣਗੇ ਕਿ ਉਨ੍ਹਾਂ ਦੀਆਂ ਗੱਡੀਆਂ ਦੀਆਂ ਟੰਕੀਆਂ ਫੁੱਲ ਹੋਣ।

ਐਨ-ਪ੍ਰੋ ਇੰਟਰਨੈਸ਼ਨਲ ਵਿਖੇ ਚੀਫ ਪੈਟਰੋਲੀਅਮ ਵਿਸ਼ਲੇਸ਼ਕ ਰੌਜਰ ਮੈਕਨਾਈਟ ਨੇ ਦੱਸਿਆ ਕਿ ਅੱਧੀ ਰਾਤ ਤੋਂ ਬਾਅਦ ਜੀਟੀਏ ਵਿੱਚ ਗੈਸ ਦੀਆਂ ਕੀਮਤਾਂ ਵਿੱਚ ਸੱਤ ਸੈਂਟ ਦਾ ਵਾਧਾ ਹੋਵੇਗਾ। ਇਸ ਨਾਲ ਬਹੁਤੇ ਸਟੇਸ਼ਨਾਂ ਉੱਤੇ ਗੈਸ ਦੀ ਔਸਤ ਕੀਮਤ 182.9 ਸੈਂਟ ਪ੍ਰਤੀ ਲੀਟਰ ਤੱਕ ਪਹੁੰਚ ਜਾਵੇਗੀ।

ਇਹ ਵਾਧਾ ਦੋ ਹਫਤਿਆਂ ਵਿੱਚ ਹੋਣ ਵਾਲਾ ਪਹਿਲਾ ਵਾਧਾ ਹੋਵੇਗਾ। ਇਸ ਮਹੀਨੇ ਗੈਸ ਦੀਆਂ ਕੀਮਤਾਂ ਵਿੱਚ



ਨੌਂਵੀਂ ਵਾਰੀ ਤਬਦੀਲੀ ਵੇਖਣ ਨੂੰ ਮਿਲੇਗੀ। ਜ਼ਿਕਰਯੋਗ ਹੈ ਕਿ ਰੀਜਨ ਵਿੱਚ ਗੈਸ ਦੀਆਂ ਕੀਮਤਾਂ ਜੂਨ ਦੇ ਮਹੀਨੇ ਆਪਣੇ ਸਿਖਰ ਉੱਤੇ ਸਨ ਤੇ ਇਹ 214.9 ਸੈਂਟਸ ਪ੍ਰਤੀ ਲੀਟਰ ਤੱਕ ਪਹੁੰਚ ਗਈਆਂ ਸਨ। ਮਾਹਿਰਾਂ ਦਾ ਮੰਨਣਾ ਹੈ ਕਿ ਕੁੱਝ ਉਤਰਾਅ ਚੜ੍ਹਾਅ ਦੇ ਬਾਵਜੂਦ ਗਰਮੀਆਂ ਦੇ ਬਾਕੀ ਬਚੇ ਮਹੀਨਿਆਂ ਵਿੱਚ ਗੈਸ ਦੀਆਂ ਕੀਮਤਾਂ ਘੱਟ ਰਹਿਣ ਦਾ ਰੁਝਾਨ ਬਣਿਆ ਰਹੇਗਾ।

## ਸ਼ੂਟਿੰਗ ਵਿੱਚ 30 ਸਾਲਾ ਵਿਅਕਤੀ ਗੰਭੀਰ ਜ਼ਖ਼ਮੀ

ਟੋਰਾਂਟੋ, 26 ਜੁਲਾਈ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਟੋਰਾਂਟੋ ਦੇ ਪੱਛਮੀ ਸਿਰੇ ਉੱਤੇ ਹੋਈ ਸ਼ੂਟਿੰਗ ਤੋਂ ਬਾਅਦ ਇੱਕ 30 ਸਾਲਾ ਵਿਅਕਤੀ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਪਹੁੰਚਿਆ। ਡੰਡਸ ਤੇ ਡੁਪੌਂਟ ਸਟਰੀਟਸ ਨੇੜੇ ਪੇਲਹਾਮ ਐਵਨਿਊ ਤੇ ਓਸਲਰ ਸਟਰੀਟ ਉੱਤੇ ਇਹ ਘਟਨਾ ਤੜ੍ਹਕੇ 2:40 ਉੱਤੇ ਵਾਪਰੀ। ਇਸ ਤੋਂ ਤੁਰੰਤ ਬਾਦ ਪੁਲਿਸ ਅਧਿਕਾਰੀਆਂ ਨੂੰ ਮੌਕੇ ਉੱਤੇ ਸੱਦਿਆ ਗਿਆ। ਪਰ ਜ਼ਖ਼ਮੀ ਵਿਅਕਤੀ ਆਪਣੇ ਆਪ ਹੀ ਹਸਪਤਾਲ ਚਲਾ ਗਿਆ।



ਅਜੇ ਤੱਕ ਕਿਸੇ ਮਸ਼ਕੂਕ ਸਬੰਧੀ ਕੋਈ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ ਪਰ ਪੁਲਿਸ ਦਾ ਕਹਿਣਾ ਹੈ ਕਿ ਸ਼ੂਟਿੰਗ ਤੋਂ ਬਾਅਦ ਇੱਕ ਗੂੜ੍ਹੇ ਰੰਗ ਦੀ ਗੱਡੀ ਨੂੰ ਇਲਾਕੇ ਵਿੱਚੋਂ ਜਾਂਦਿਆਂ ਵੇਖਿਆ ਗਿਆ।

## ਚੱਲਦੀ ਟਰੇਨ ਦੀ ਛੱਤ ਉੱਤੇ ਕਈ ਵਿਅਕਤੀਆਂ ਨੂੰ ਵੇਖਿਆ ਗਿਆ



ਇਟੋਬੀਕੋ, 26 ਜੁਲਾਈ (ਪੋਸਟ ਬਿਊਰੋ) : ਮੰਗਲਵਾਰ ਸ਼ਾਮ ਨੂੰ ਕਈ ਵਿਅਕਤੀਆਂ ਨੂੰ ਗੋ ਟਰੇਨ ਦੀ ਛੱਤ ਉੱਤੇ ਸਫਰ ਕਰਦਿਆਂ ਵੇਖਿਆ ਗਿਆ। ਪੁਲਿਸ ਅਧਿਕਾਰੀਆਂ ਨੇ ਆਖਿਆ ਕਿ ਇਹ ਬਹੁਤ ਹੀ ਖਤਰਨਾਕ ਰੁਝਾਨ ਹੈ। ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ਾਮੀਂ 6:00 ਵਜੇ ਤੋਂ ਠੀਕ ਪਹਿਲਾਂ ਗਾਰਡੀਨਰ ਐਕਸਪ੍ਰੈੱਸਵੇਅ ਤੇ ਡਫਰਿਨ ਸਟਰੀਟ ਨੇੜੇ ਗੋ ਟਰੇਨ ਦੀ ਛੱਤ ਉੱਤੇ ਦੋ ਤੋਂ ਤਿੰਨ ਵਿਅਕਤੀਆਂ ਦੇ ਸਫਰ ਕਰਨ ਦੀ ਰਿਪੋਰਟ ਮਿਲੀ। ਇਹੋ ਜਿਹੀਆਂ ਹੀ ਰਿਪੋਰਟਾਂ ਬ੍ਰੋਅ ਡਰਾਈਵ ਨੇੜੇ ਲੌਂਗ ਬ੍ਰਾਂਚ ਸਟੇਸ਼ਨ ਤੋਂ ਵੀ ਮਿਲੀਆਂ। ਪੁਲਿਸ ਨੇ ਆਖਿਆ ਕਿ ਇਹ ਗਤੀਵਿਧੀ ਕਾਫੀ ਖਤਰਨਾਕ ਹੈ। ਮੈਟਰੋਲਿੰਕਸ ਨੇ ਵੀ ਆਖਿਆ ਕਿ ਉਨ੍ਹਾਂ ਨੂੰ ਵੀ ਇਸ ਹਰਕਤ ਦਾ ਪਤਾ ਲੱਗਿਆ ਹੈ ਤੇ ਉਹ ਸੀਸੀਟੀਵੀ ਫੁਟੇਜ ਦੀ ਜਾਂਚ ਕਰ ਰਹੇ ਹਨ। ਇਸ ਮਹੀਨੇ ਦੇ ਸ਼ੁਰੂ ਵਿੱਚ ਮਾਸਕ ਪਾਈ ਦੋ ਵਿਅਕਤੀਆਂ ਨੇ ਚੱਲ ਰਹੀ ਸਬਵੇਅ ਟਰੇਨ ਦੀ ਛੱਤ ਉੱਤੇ ਕੈਨੇਡੀਅਨ ਝੰਡੇ ਲੈ ਕੇ ਤੁਰੇ ਫਿਰਨ ਵਰਗੀ ਹਰਕਤ ਵੀ ਕੀਤੀ ਸੀ ਤੇ ਟੀਟੀਸੀ ਵੱਲੋਂ ਉਸ ਮਾਮਲੇ ਦੀ ਵੀ ਜਾਂਚ ਕੀਤੀ ਜਾ ਰਹੀ ਹੈ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

OURR HOME & APPLIANCES
BASEMENT Special
JULY BOXING WEEK
Stacked laundry
30 inch fridge
Electric stove
$2999
Unit #1, 241 Clarence, St Brampton, On L6W 3E7, (416) 551 3343 | 44 Fasken Dr. # 2-9 Etobicoke, On M9W 5M8, (416) 792-0877 | Unit #6 410 Lewis Road, Stoney Creek, On L8E 5Y7, (905) 643-0818 | Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM (416) 792-0877 (416) 551 3343

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off: 905.230.3100

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI
416.994.7272
www.allkindinsurance.com

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

INSURANCE
Home
Business
Life Insurance
Auto
Trucking
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licensed Exterminator

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

Law Office of Aman Sharma
Real Estate
Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc.
Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਹਲਫ਼ਨਾਮੇ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
905-362-0755

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats
Cockroaches
Spiders & Fleas
Carpenter Ants
Bedbugs
Silver Fish
Wasps
Racoons
Call : PARESH PATEL
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

## ਛੁਰੇਬਾਜ਼ੀ ਵਿੱਚ ਇੱਕ ਜ਼ਖ਼ਮੀ




ਓਨਟਾਰੀਓ, 26 ਜੁਲਾਈ (ਪੋਸਟ ਬਿਊਰੋ) : ਸੋਮਵਾਰ ਸ਼ਾਮ ਨੂੰ ਡਾਊਨਜ਼ਵਿਊ ਪਾਰਕ ਦੇ ਬਾਸਕਿ-ਟਬਾਲ ਕੋਰਟ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਤੋਂ ਬਾਦ ਪੁਲਿਸ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ।

ਜਾਂਚਕਾਰਾਂ ਨੇ ਦੱਸਿਆ ਕਿ ਰਾਤੀਂ 10:00 ਵਜੇ ਤੋਂ ਠੀਕ ਪਹਿਲਾਂ ਕਿਸੇ ਗੱਲ ਨੂੰ ਲੈ ਕੇ ਵਿਵਾਦ ਹੋ ਗਿਆ, ਜਿਸ ਤੋਂ ਬਾਅਦ ਇੱਕ ਵਿਅਕਤੀ ਨੂੰ ਚਾਕੂ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ। ਉਸ ਵਿਅਕਤੀ ਨੂੰ ਮਾਮੂਲੀ ਸੱਟਾਂ ਲੱਗੀਆਂ ਤੇ ਉਸ ਦਾ ਇਲਾਜ ਵੀ ਮੌਕੇ ਉੱਤੇ ਹੀ ਕਰ ਦਿੱਤਾ ਗਿਆ। ਪੁਲਿਸ ਅਧਿਕਾਰੀਆਂ ਦੇ ਪਹੁੰਚਣ ਤੋਂ ਪਹਿਲਾਂ ਹੀ ਮਸ਼ਕੂਕ ਉੱਥੋਂ ਫਰਾਰ ਹੋ ਗਏ।

ਅਜੇ ਤੱਕ ਕਿਸੇ ਮਸ਼ਕੂਕ ਸਬੰਧੀ ਕੋਈ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ। ਮਾਮਲੇ ਦੀ ਜਾਂਚ ਚੱਲ ਰਹੀ ਹੈ।

# ਪੰਜਾਬ ਦੇ ਐਡਵੋਕੇਟ ਜਨਰਲ ਅਨਮੋਲ ਰਤਨ ਸਿੱਧੂ ਵੱਲੋਂ ਅਚਾਨਕ ਅਸਤੀਫ਼ਾ

### * ਮੁੱਖ ਮੰਤਰੀ ਮਾਨ ਨੇ ਕਿਹਾ: ਸਿੱਧੂ ਸਾਡੇ ਨਾਲ ਜੁੜੇ ਰਹਿਣਗੇ * ਨਵੇਂ ਏ ਜੀ ਵਿਨੋਦ ਘਈ ਉੱਤੇ ਦੋਸ਼ ਲੱਗਣੇ ਸ਼ੁਰੂ

ਚੰਡੀਗੜ੍ਹ, 26 ਜੁਲਾਈ (ਪੋਸਟ ਬਿਊਰੋ)- ਪੰਜਾਬ ਦੇ ਏ ਜੀ (ਐਡਵੋਕੇਟ ਜਨਰਲ) ਅਨਮੋਲ ਰਤਨ ਸਿੱਧੂ ਨੇ ਆਪਣੇ ਅਹੁਦੇ ਤੋਂ ਅਚਾਨਕ ਅਸਤੀਫਾ ਦੇ ਦਿੱਤਾ ਹੈ।ਉਨ੍ਹਾਂ ਇਹ ਅਸਤੀਫ਼ਾ ਮੁੱਖ ਮੰਤਰੀ ਭਗਵੰਤ ਮਾਨ ਨੂੰ ਭੇਜਿਆ ਹੈ।ਸਿੱਧੂ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਸ ਅਹੁਦੇ ਉੱਤੇ ਨਿਯੁਕਤ ਕੀਤਾ ਸੀ।

ਅਨਮੋਲ ਰਤਨ ਸਿੱਧੂ ਨੇ ਸਿਰਫ ਏਨ ਹੀ ਕਿਹਾ ਕਿ ਉਨ੍ਹਾਂ ਨੇ ਨਿੱਜੀ ਕਾਰਨਾਂ ਕਰਕੇ ਅਸਤੀਫੇ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਈ ਵਾਰ ਨਿੱਜੀ ਕੰਮ ਆ ਜਾਂਦੇ ਹਨ, ਜਿਨ੍ਹਾਂ ਕਰਕੇ ਏਦਾਂ ਫ਼ੈਸਲੇ ਲੈਣੇ ਪੈਂਦੇ ਹਨ।ਪਤਾ ਲੱਗਾ ਹੈ ਕਿ ਸਿੱਧੂਨੇ 19 ਜੁਲਾਈ ਨੂੰ ਅਸਤੀਫਾ ਦੇ ਦਿੱਤਾ ਸੀ।ਉਨ੍ਹਾ ਕਿਹਾ ਕਿ ਉਨ੍ਹਾਂ ਨੇ ਵਧੀਆ ਕੰਮ ਕੀਤਾ ਤੇ ਸਰਕਾਰ ਨੇ ਉਨ੍ਹਾਂ ਦੇ ਕੰਮ ਨੂੰ ਸਲਾਹਿਆ ਸੀ। ਇਸ ਮੌਕੇਸਿੱਧੂ ਨੇ ਸਰਕਾਰ ਨਾਲ ਕਿਸੇ ਤਰ੍ਹਾਂ ਦੇ ਟਕਰਾਅ ਨੂੰ ਰੱਦ ਕੀਤਾ ਅਤੇ ਕਿਹਾ ਕਿ ਅਸਤੀਫ਼ੇ ਪਿੱਛੇ ਕੋਈ ਵੱਡਾ ਕਾਰਨ ਨਹੀਂ, ਨਿੱਜੀ ਕਾਰਨਾਂ ਕਰਕੇ ਇਹ ਕਦਮ ਚੁੱਕਣਾ ਪਿਆ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਸੀਨੀਅਰ ਵਕੀਲ ਅਨਮੋਲ ਰਤਨ ਸਿੰਘਸਿੱਧੂ ਸਾਡੀ ਟੀਮ ਦਾ ਹਿੱਸਾ ਹਨ ਅਤੇ ਅਗਲੇ ਦਿਨਾਂ ਵਿੱਚ ਕਾਨੂੰਨੀ ਜਾਣਕਾਰੀ ਵਿੱਚ ਅਸੀਂ ਉਨ੍ਹਾਂ ਦੀ ਮਦਦ ਲੈਂਦੇ ਰਹਾਂਗੇ।ਉਨ੍ਹਾਂ ਕਿਹਾ ਕਿ ਅਨਮੋਲ ਰਤਨ ਸਿੱਧੂ ਨੇ ਨਿੱਜੀ ਕਾਰਨਾਂ ਕਰਕੇ ਅਸਤੀਫ਼ਾ ਦਿੱਤਾ ਹੈ, ਮੈਂ ਖੁਦ



ਕੋਸ਼ਿਸ਼ ਕੀਤੀਸੀ ਕਿ ਉਨ੍ਹਾਂ ਨੂੰ ਰੋਕਿਆ ਜਾ ਸਕੇ, ਪਰ ਉਨ੍ਹਾਂ ਜ਼ੋਰ ਦਿੱਤਾ ਕਿ ਮੇਰਾ ਅਸਤੀਫ਼ਾ ਮਨਜ਼ੂਰ ਕਰ ਲਿਆ ਜਾਵੇ ਤਾਂ ਕਰਨਾ ਪਿਆ ਹੈ।

ਵਰਨਣ ਯੋਗ ਹੈ ਕਿ ਅਨਮੋਲ ਰਤਨ ਸਿੱਧੂਡਾਕਟਰ ਮਨਮੋਹਨ ਸਿੰਘ ਦੀ ਕੇਂਦਰ ਸਰਕਾਰ ਦੌਰਾਨ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਭਾਰਤ ਦੇ ਸਹਾਇਕ ਸਾਲਿਸਟਰ ਜਨਰਲ ਰਹਿ ਚੁੱਕੇ ਹਨ।ਉਹ ਅੱਠ ਵਾਰ ਬਾਰ ਕੌਂਸਲ ਦੇ ਚੇਅਰਮੈਨ ਤੇ ਪੰਜਾਬ ਹਰਿਆਣਾ ਹਾਈ ਕੋਰਟ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ। ਆਪਣੀ ਨਿਯੁਕਤੀ ਸਮੇਂ ਅਨਮੋਲ ਗਗਨ ਸਿੱਧੂ ਨੇ ਐਲਾਨ ਕੀਤਾ ਸੀ ਕਿ ਉਹ ਐਡਵੋਕੇਟ ਜਨਰਲ ਵਜੋਂ ਸਿਰਫ 1 ਰੁਪਏ ਲੈਣਗੇ ਤੇਸਾਰੀ ਤਨਖਾਹ ਨਸ਼ੇ ਦੇ ਆਦੀ ਹੋ ਚੁੱਕੇ ਲੋਕਾਂ ਦੇ ਇਲਾਜ ਲਈ ਖਰਚਣ ਦਾ ਐਲਾਨ ਕੀਤਾ ਸੀ।ਇਸ ਤੋਂ ਪਹਿਲਾਂ ਵੀ ਉਨ੍ਹਾਂ ਦੇ ਅਸਤੀਫ਼ੇ ਦੀ ਗੱਲ ਸੁਣੀ ਗਈ ਸੀ, ਪਰ ਉਹ ਨਕਾਰਦੇ ਰਹੇ ਸਨ ਤੇ ਅੱਜ ਅਚਾਨਕ ਉਨ੍ਹਾਂ ਨੇ ਅਸਤੀਫ਼ਾ ਮੁੱਖ ਮੰਤਰੀ ਨੂੰ ਸੌਂਪ ਦਿੱਤਾ। ਚਰਚਾ ਹੈ ਕਿ ਬੀਤੇ ਦਿਨੀਂ ਸਰਕਾਰ ਨਾਲ ਉਨ੍ਹਾਂ ਦੀ ਕੁਝ ਤਕਰਾਰ ਹੋਈ ਹੈ। ਤਿੰਨ ਕੁ ਮਹੀਨੇ ਪਹਿਲਾਂ ਇਹ ਅਹੁਦਾ ਸੰਭਾਲਣਵੇਲੇ ਉਹ ਬਹੁਤ ਉਤਸ਼ਾਹਤ ਸਨਅਤੇ ਬਾਅਦ ਵਿੱਚ ਲਾਰੈਂਸ ਬਿਸ਼ਨੋਈ ਦੀ ਦਿੱਲੀ ਤੋਂ ਪੇਸ਼ੀ ਭੁਗਤ ਕੇ ਆਉਂਦੇ ਸਮੇਂ ਉਨ੍ਹਾਂ ਉੱਤੇ ਹਮਲਾ ਵੀ ਹੋਇਆ ਸੀ।

ਇਸ ਦੌਰਾਨ ਪੰਜਾਬ ਸਰਕਾਰ ਨੇ ਸੀਨੀਅਰ ਐਡਵੋਕੇਟ ਵਿਨੋਦ ਘਈ ਨੂੰ ਨਵਾਂ ਐਡਵੋਕੇਟ ਜਨਰਲ ਲਾ ਦਿੱਤਾ ਹੈ। ਪੰਜਾਬ ਹਰਿਆਣਾ ਹਾਈ ਕੋਰਟ ਦੇ ਵਕੀਲ ਵਿਨੋਦ ਘਈ ਚੰਡੀਗੜ੍ਹ ਦੇ ਵਾਸੀ ਹਨ। ਉਹ 1989 ਤੋਂ ਚੰਡੀਗੜ੍ਹ ਵਿੱਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚਵਕਾਲਤ ਕਰ ਰਹੇ ਹਨ ਤੇ ਅਪਰਾਧਕ ਕਾਨੂੰਨ ਵਿੱਚ ਉਨ੍ਹਾਂ ਦਾ ਖਾਸ ਤਜਰਬਾ ਹੈ।ਸਾਲ 2012 ਤੋਂ ਨਾਮਜ਼ਦ ਸੀਨੀਅਰ ਵਕੀਲ ਆਮ ਕਰ ਕੇ ਕਤਲ ਕੇਸਾਂ ਦੀ ਵਕਾਲਤ ਲਈ ਮਾਹਰ ਮੰਨੇ ਜਾਂਦੇ ਹਨ।ਉਨ੍ਹਾ ਨੇ ਪੰਜਾਬ ਹਰਿਆਣਾ ਹਾਈਕੋਰਟ ਵਿੱਚ ਵੱਧ ਤੋਂ ਵੱਧ ਜ਼ਮਾਨਤ ਅਰਜ਼ੀਆਂ ਤੇ ਕਤਲ ਦੀਆਂ ਅਪੀਲਾਂ ਨੂੰ ਸਫ਼ਲਤਾ ਨਾਲ ਪੇਸ਼ ਕੀਤਾ ਹੈ ਅਤਟ ਹਰ ਕੇਸ ਵਿੱਚ ਉਨ੍ਹਾਂਵੱਲੋਂ ਨਿੱਜੀ ਤੌਰ ਉੱਤੇ ਦਲੀਲ ਦਿੱਤੀ ਜਾਂਦੀ ਹੈ। ਇਸ ਦੌਰਾਨ ਉਨ੍ਹਾਂ ਦੇ ਬਾਰੇ ਇਹ ਚਰਚਾ ਵੀ ਚੱਲ ਪਈ ਹੈ ਕਿ ਉਹ ਸੱਚਾ ਸੌਦਾ ਦੇ ਮੁਖੀ ਰਾਮ ਰਹੀਮ ਅਤੇ ਪੰਜਾਬ ਪੁਲਸ ਦੇ ਸਾਬਕਾ ਮੁਖੀ ਸੁਮੇਧ ਸਿੰਘ ਸੈਣੀ ਵਰਗਿਆਂ ਦੇ ਲਈ ਕੋਰਟ ਵਿੱਚ ਪੇਸ਼ ਹੁੰਦੇ ਰਹੇ ਹਨ।

# ਭਗਵੰਤ ਮਾਨ ਵੱਲੋਂ ਨਹਿਰੀ ਪ੍ਰਬੰਧ ਦੀ ਮਜ਼ਬੂਤੀ ਲਈ ਕੇਂਦਰੀ ਮੰਤਰੀ ਗਜੇਂਦਰ ਸ਼ੇਖਾਵਤ ਨਾਲ ਮੁਲਾਕਾਤ

ਨਵੀਂ ਦਿੱਲੀ, 26 ਜੁਲਾਈ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਨਹਿਰੀ ਪ੍ਰਬੰਧ ਨੂੰ ਨਵਿਆਉਣ ਲਈ ਅੱਜ ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੂੰ ਪੰਜਾਬ ਲਈ ਵਿਸ਼ੇਸ਼ ਫੰਡ ਅਲਾਟ ਕਰਨ ਦੇ ਲਈ ਦਖ਼ਲ ਦੇਣ ਦੀ ਅਪੀਲ ਕੀਤੀ ਅਤੇ ਕਈ ਹੋਰ ਵੱਡੇ ਮਸਲਿਆਂ ਬਾਰੇ ਵਿਚਾਰ ਕੀਤੀ।

ਕੇਂਦਰੀ ਮੰਤਰੀ ਸ਼ੇਖਾਵਤ ਨਾਲ ਅੱਜ ਏਥੇ ਉਨ੍ਹਾਂ ਦੇ ਦਫ਼ਤਰ ਵਿੱਚ ਮੁਲਾਕਾਤ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੇ ਮੌਜੂਦਾ ਨਹਿਰੀ ਪ੍ਰਬੰਧ ਨੂੰ ਮਜ਼ਬੂਤ ਅਤੇ ਮੁਰੰਮਤ ਕਰਨ ਲਈ ਵਿਸ਼ੇਸ਼ ਪੈਕੇਜ ਦੀ ਲੋੜ ਉੱਤੇ ਜ਼ੋਰ ਦਿੱਤਾ।ਉਨ੍ਹਾਂ ਕਿਹਾ ਕਿ ਆਜ਼ਾਦੀ ਤੋਂ ਪਹਿਲਾਂ ਬਣੀ ਅੱਪਰਬਾਰੀ ਦੁਆਬ ਨਹਿਰ (ਯੂ ਬੀ ਡੀ ਸੀ) ਦਾ ਇਸ ਵਕਤ ਬਹੁਤ ਬੁਰਾ ਹਾਲ ਹੋਣ ਕਾਰਨ ਕਿਸਾਨਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਗਵੰਤ ਮਾਨ ਨੇ ਕੇਂਦਰੀ ਮੰਤਰੀ ਨੂੰ ਦੱਸਿਆ ਕਿ ਆਜ਼ਾਦੀ ਤੋਂ




ਬਾਅਦ ਬਣੀਆਂ ਨਹਿਰਾਂ ਨੂੰ ਵੀ ਮਜ਼ਬੂਤ ਕਰਨ ਤੇ ਨਵਿਆਉਣ ਦੀ ਲੋੜ ਹੈ ਅਤੇ ਇਸ ਲਈ ਕੇਂਦਰ ਸਰਕਾਰ ਨੂੰ ਪੰਜਾਬ ਲਈ ਵਿਸ਼ੇਸ਼ ਪੈਕੇਜ ਦੇਣਾ ਚਾਹੀਦਾ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਅੱਜ ਇਹ ਸਮੇਂ ਦੀ ਲੋੜ ਹੈ, ਕਿਉਂਕਿ ਪੰਜਾਬ ਦੇ ਕਿਸਾਨਾਂ, ਜਿਨ੍ਹਾਂ ਦੇਸ਼ ਨੂੰ ਅਨਾਜ ਲਈ ਆਤਮ-ਨਿਰਭਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ, ਨੂੰ ਖਸਤਾਹਾਲ ਨਹਿਰੀ ਸਿਸਟਮ ਕਰ ਕੇ ਕਾਫੀ ਮੁਸ਼ਕਲਾਂ ਆ ਰਹੀਆਂ ਹਨ। ਉਨ੍ਹਾਂ ਇਸ ਬਾਰੇ ਪੰਜਾਬ ਸਰਕਾਰ ਵੱਲੋਂ ਪੇਸ਼ ਕੀਤੀਆਂ ਤਜਵੀਜ਼ਾਂ ਦੀ ਮਨਜ਼ੂਰੀ ਲਈ ਕੇਂਦਰੀ ਮੰਤਰੀ ਦੇ ਦਖ਼ਲ ਦੀ ਮੰਗ ਕੀਤੀ ਅਤੇ ਕਿਹਾ ਕਿ ਇਸ ਨਾਲ ਨਹਿਰੀ ਪਾਣੀ ਦੀ ਸਮਰੱਥਾ ਵਧੇਗੀ।

ਕੇਂਦਰੀ ਮੰਤਰੀ ਨੂੰ ਭਗਵੰਤ ਮਾਨ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਸਤਲੁਜ ਦੀ ਸਹਾਇਕ ਨਦੀ ਬੁੱਢੇ ਨਾਲੇ ਦੀ ਸਫ਼ਾਈ ਦਾ ਪ੍ਰੋਜੈਕਟ ਸ਼ੁਰੂ ਕੀਤਾ ਹੈ, ਜੋ ਲੁਧਿਆਣਾ ਜ਼ਿਲ੍ਹੇ ਵਿੱਚੋਂ ਲੰਘਦੇ ਸਤਲੁਜ ਦੇ ਲੱਗਭਗ ਬਰਾਬਰ ਚੱਲਦਾ ਤੇ ਅਖੀਰ ਇਸੇਵਿੱਚ ਰਲ ਜਾਂਦਾ ਹੈ। ਇਸ ਨਾਲੇ ਦੀ ਕੁੱਲ 47.55 ਕਿਲੋਮੀਟਰ ਲੰਬਾਈਦਾ 14 ਕਿਲੋਮੀਟਰ ਲੁਧਿਆਣਾ ਸ਼ਹਿਰ ਵਿੱਚੋਂ ਲੰਘਦਾ ਤੇ ਇਸ ਪ੍ਰਮੁੱਖ ਸ਼ਹਿਰ ਨੂੰ ਦੋ ਹਿੱਸਿਆਂ ਵਿੱਚ ਵੰਡਦਾ ਹੈ। ਉਨ੍ਹਾ ਕਿਹਾ ਕਿ ਰਾਜ ਸਰਕਾਰ ਦਾ ਇਹ ਸਫ਼ਾਈ ਪ੍ਰਾਜੈਕਟ 850 ਕਰੋੜ ਦਾ ਹੈ, ਜਿਸਦਾ 54 ਫੀਸਦੀ ਕੰਮ ਹੋ ਚੁੱਕਾ ਹੈ ਤੇ ਮਾਰਚ 2023 ਤੱਕ ਪੂਰਾ ਕਰ ਲਿਆ ਜਾਵੇਗਾ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਬੁੱਢੇ ਨਾਲੇ ਵਿੱਚ 200 ਕਿਊਸਿਕ ਤਾਜ਼ਾ ਪਾਣੀ ਛੱਡ ਰਹੀ ਹੈ। ਉਨ੍ਹਾਂ ਨੇ ਕੇਂਦਰ ਨੂੰ ਅਪੀਲ ਕੀਤੀ ਕਿ ਉਹ ਨਵੀਆਂ ਤਕਨੀਕਾਂ ਲਿਆਉਣ ਲਈ ਇਸ ਪ੍ਰੋਜੈਕਟ ਵਿੱਚਪੰਜਾਬ ਸਰਕਾਰ ਦੀ ਮਦਦ ਕਰੇ। ਇਸ ਮੌਕੇ ਕੇਂਦਰੀ ਮੰਤਰੀ ਨੇ ਭਗਵੰਤ ਮਾਨ ਨੂੰ ਸਹਿਯੋਗ ਅਤੇ ਤਾਲਮੇਲ ਦਾ ਭਰੋਸਾ ਦਿੱਤਾ ਅਤੇ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਸਰਕਾਰ ਦੀਆਂ ਮੰਗਾਂ ਉੱਤੇ ਹਮਦਰਦੀ ਨਾਲ ਵਿਚਾਰ ਕਰੇਗੀ।

# ਯੂ ਕੇ ਦੀ ਕੁਰਸੀ-ਦੌੜ: ਰਿਸ਼ੀ ਸੁਨਕ ਅਤੇ ਟਰਸ ਵਿਚਾਲੇ ਜ਼ੋਰਦਾਰ ਬਹਿਸ

### * ਟੈਕਸ ਪਾਲਿਸੀ ਅਤੇ ਚੀਨ ਉੱਤੇ ਦੋਵੇਂ ਨੇਤਾ ਭਿੜ ਗਏ

ਲੰਡਨ, 26 ਜੁਲਾਈ (ਪੋਸਟ ਬਿਊਰੋ)- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਦਾਅਵੇਦਾਰ ਰਿਸ਼ੀ ਸੁਨਕ ਅਤੇ ਲਿਜ਼ ਟਰਸ ਨੇ ਸੋਮਵਾਰ ਰਾਤ ਬੀ ਬੀ ਸੀ ਟੈਲੀਵਿਜ਼ਨ ਉੱਤੇ ਆਪਣੀ ਪਹਿਲੀ ਬਹਿਸ ਕੀਤੀ ਤਾਂ ਸਾਬਕਾ ਖਜ਼ਾਨਾ ਮੰਤਰੀ ਰਿਸ਼ੀ ਸੁਨਕ ਤੇ ਵਿਦੇਸ਼ ਮੰਤਰੀ ਲਿਜ਼ ਟਰਸ ਆਹਮੋ-ਸਾਹਮਣੇ ਹੋਏ। ਬੋਰਿਸ ਜਾਨਸਨ ਦੀ ਥਾਂ ਲੈਣ ਲਈਦੋਵਾਂ ਉਮੀਦਵਾਰਾਂ ਨੇ ਇਕ-ਦੂਸਰੇ ਉੱਤੇ ਕਈ ਤਿੱਖੇ ਹਮਲੇ ਕੀਤੇ ਅਤੇ ਆਪਣੀ ਗੱਲ ਲੋਕਾਂ ਅੱਗੇ ਰੱਖੀ।


ਰਿਸ਼ੀ ਸੁਨਕ ਨੇ ਲਿਜ਼ ਟਰਸ ਨੂੰ ਕਿਹਾ ਕਿ ਉਸ ਦੀ ਟੈਕਸ-ਕਟੌਤੀ ਦੀ ਯੋਜਨਾ ਲੱਖਾਂ ਲੋਕਾਂ ਨੂੰ ਮਾਰ ਦੇਵੇਗੀ ਤੇ ਕੰਜ਼ਰਵੇਟਿਵ ਪਾਰਟੀ ਦੇ ਲੋਕ ਅਗਲੀਆਂ ਚੋਣਾਂ ਵਿੱਚ ਇਸ ਦੀ ਕੀਮਤ ਅਦਾ ਕਰਨਗੇ।ਦੂਸਰੇ ਪਾਸੇ ਟਰਸ ਨੇ ਦਾਅਵਾ ਕੀਤਾ ਕਿ ਸੁਨਕ ਦੀ ਯੋਜਨਾ ਦੇਸ਼ ਨੂੰ ਮੰਦੀ ਵੱਲ ਲੈ ਜਾਵੇਗੀ।ਇੱਕ ਵਿਦੇਸ਼ ਸੈਕਟਰੀ ਤੇ ਦੂਸਰਾ ਸਾਬਕਾ ਚਾਂਸਲਰ ਤਿੰਨ ਹਫ਼ਤੇ ਪਹਿਲਾਂਇੱਕੋ ਕੈਬਨਿਟ ਵਿੱਚ ਬੋਰਿਸ ਜਾਨਸਨ ਦੇਮੰਤਰੀ ਸਨ, ਅੱਜ ਸਟੋਕ-ਆਨ-ਟ੍ਰੈਂਟ ਦੇ ਵਿਕਟੋਰੀਆ ਹਾਲ ਵਿਖੇ ਮੁਕਾਬਲੇ ਦੌਰਾਨਸਟੇਜ ਉੱਤੇਇੱਕ ਦੂਸਰੇ ਵਿਰੁੱਧ ਦੋਸ਼ ਲਾ ਰਹੇ ਸਨ। ਸੱਭਿਆਚਾਰ ਬਾਰੇ ਮੰਤਰੀ ਅਤੇ ਬੋਰਿਸ ਜਾਨਸਨ ਦੀ ਵਫ਼ਾਦਾਰ ਨਦੀਨ ਡੋਰਿਸ ਪ੍ਰਧਾਨ ਮੰਤਰੀ ਅਹੁਦੇ ਦੀ ਦੌੜ ਵਿੱਚ ਲਿਜ਼ ਟਰਸ ਦਾ ਸਮਰਥਨ ਕਰਦੀ ਹੈ। ਉਸ ਨੇ ਰਿਸ਼ੀ ਸੁਨਕ ਦੇ 3,500 ਪੌਂਡ ਦੇ ਬੇਸਪੋਕ ਸੂਟ ਤੇ ਜੁੱਤੀ ਬਾਰੇ ਡੇਲੀ ਮੇਲ ਦੀ ਰਿਪੋਰਟ ਨੂੰ ਸੋਮਵਾਰ ਸਵੇਰੇ ਟਵੀਟ ਕੀਤਾ ਅਤੇ ਸੁਨਕ ਨੂੰ ਬ੍ਰਿਟੇਨ ਦੇ ਆਮ ਲੋਕਾਂ ਤੋਂ ਵੱਖਰਾ ਦੱਸਣ ਦੀ ਕੋਸ਼ਿਸ਼ ਕੀਤੀ।ਉਸ ਨੇ ਕਿਹਾ: ਦੂਸਰੇ ਪਾਸੇ ਲਿਜ਼ ਟਰਸ ਸਿਰਫ 4.50 ਪੌਂਡ ਦੀ ਏਅਰਿੰਗ ਪਹਿਨ ਕੇ ਦੇਸ਼ ਦੀ ਯਾਤਰਾ ਕਰੇਗੀ।



ਇਸ ਤੋਂ ਪਹਿਲਾਂ ਰਿਸ਼ੀ ਸੁਨਕ ਨੇ ਚੀਨ ਨੂੰ ਲੰਬੇ ਸਮੇਂ ਲਈ ਸਭ ਤੋਂ ਵੱਡਾ ਖ਼ਤਰਾ ਦੱਸਿਆਤੇ ਕਿਹਾ ਸੀ ਕਿ ਉਹ ਸਾਰੇ 30 ਕਨਫਿਊਸ਼ੀਅਨ ਸੰਸਥਾਵਾਂ ਨੂੰ ਬੰਦ ਕਰਕੇ ਦੇਸ਼ ਦੀ ਸਾਫਟ ਪਾਵਰ ਨੂੰ ਰੋਕਣ ਦੀਆਂ ਸਾਜ਼ਿਸ਼ਾਂ ਦਾ ਪਰਦਾਫਾਸ਼ ਕਰੇਗਾ। ਇਹ ਸੰਸਥਾਵਾਂ ਯੂ ਕੇ ਵਿੱਚ ਚੀਨੀ ਭਾਸ਼ਾ ਦੀ ਸਿੱਖਿਆ ਅਤੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਦੀਆਂ ਹਨ।

## ਹਾਈ ਕੋਰਟ ਦਾ ਹੁਕਮ: ਪੰਜਾਬ ਸਰਕਾਰ ਸੁਰੱਖਿਆ ਕਟੌਤੀ ਮਾਮਲੇ ਦੀ ਸੀਲਡ ਰਿਪੋਰਟ ਹਫ਼ਤੇ ਅੰਦਰ ਪੇਸ਼ ਕਰੇ

ਚੰਡੀਗੜ੍ਹ, 26 ਜੁਲਾਈ (ਪੋਸਟ ਬਿਊਰੋ)- ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪੰਜਾਬ ਵਿੱਚ ਸੁਰੱਖਿਆ ਕਟੌਤੀ ਦੀ ਸੂਚਨਾ ਲੀਕ ਹੋਣ ਉੱਤੇ ਸੁਣਵਾਈ ਮੌਕੇ ਅਦਾਲਤ ਨੇ ਪੰਜਾਬ ਸਰਕਾਰ ਤੋਂ ਪੁੱਛਿਆ ਕਿ ਵੀ ਆਈ ਪੀ ਸੁਰੱਖਿਆ ਵਾਪਸ ਲੈਣ ਦੀ ਸੂਚਨਾ ਕਿਵੇਂ ਲੀਕ ਹੋ ਗਈ? ਇਸ ਉੱਤੇ ਸਰਕਾਰੀ ਵਕੀਲ ਨੇ ਰਿਪੋਰਟ ਪੇਸ਼ ਕਰਨ ਲਈ ਦੋ ਹਫ਼ਤੇ ਸਮਾਂ ਮੰਗਿਆ ਤਾਂ ਅਦਾਲਤ ਨੇ ਇੱਕ ਹਫ਼ਤੇ ਵਿੱਚ ਰਿਪੋਰਟ ਪੇਸ਼ ਕਰਨ ਦੇ ਆਦੇਸ਼ ਦਿੱਤੇ। ਇਸ ਮੌਕੇ ਪੰਜਾਬ ਦੇ ਐਡਵੋਕੇਟ ਜਨਰਲ ਅਨਮੋਲ ਰਤਨ ਸਿੱਧੂ ਵੀਅਦਾਲਤ ਵਿੱਚ ਸਨ। ਕੇਸ ਦੀ ਅਗਲੀ ਸੁਣਵਾਈ 29 ਜੁਲਾਈ ਨੂੰ ਹੋਵੇਗੀ। ਹਾਈ ਕੋਰਟ ਨੇ ਕਿਹਾ ਕਿ ਇਹ ਦੱਸਿਆ ਜਾਵੇ ਕਿ ਇਸ ਗ਼ਲਤੀ ਦਾ ਜ਼ਿੰਮੇਵਾਰ ਕੌਣ ਹੈ? ਸਰਕਾਰੀ ਵਕੀਲ ਨੇ ਕਿਹਾ ਕਿ ਅਸੀਂ ਜਾਂਚ ਕਰ ਰਹੇ ਹਾਂ ਤੇ ਜ਼ਿੰਮੇਵਾਰੀ ਤੈਅ ਕਰਾਂਗੇ। ਇਸ ਦੌਰਾਨ ਸੁਰੱਖਿਆ ਦੀ ਮੰਗ ਬਾਰੇ ਹਾਈ ਕੋਰਟ ਵਿੱਚ ਕੁੱਲ 28 ਪਟੀਸ਼ਨਾਂ ਦਾਇਰ ਹੋਈਆਂ ਹਨ। ਅਦਾਲਤ ਨੇ ਪਟੀਸ਼ਨਰਾਂ ਨੂੰ ਅੰਤ੍ਰਿਮ ਰਾਹਤ ਦਿੰਦਿਆਂ ਸਰਕਾਰ ਨੂੰ ਹੁਕਮ ਦਿੱਤਾ ਕਿ ਜਿਨ੍ਹਾਂ ਕੋਲ ਇੱਕ ਵੀ ਸੁਰੱਖਿਆ ਗਾਰਡਨਹੀਂ, ਉਨ੍ਹਾਂ ਸਾਰਿਆਂ ਨੂੰ ਫੌਰੀ ਸੁਰੱਖਿਆ ਦਿੱਤੀ ਜਾਵੇ। ਵਰਨਣ ਯੋਗ ਹੈ ਕਿ 22 ਮਈ ਨੂੰ ਪੰਜਾਬ ਸਰਕਾਰ ਨੇ ਰਾਜ ਦੇ 442 ਵੀ ਆਈ ਪੀਜ਼ ਦੀ ਸੁਰੱਖਿਆ ਵਾਪਸ ਲੈ ਲਈ ਸੀ।



# ਗੁਜਰਾਤ ਵਿੱਚ ਜ਼ਹਿਰੀਲੀ ਸ਼ਰਾਬ ਨਾਲ 28 ਮੌਤਾਂ, 14 ਲੋਕਾਂ ਖਿਲਾਫ ਕੇਸ ਦਰਜ

ਅਹਿਮਦਾਬਾਦ, 26 ਜੁਲਾਈ (ਪੋਸਟ ਬਿਊਰੋ)- ਗੁਜਰਾਤ ਦੇ ਬੋਟਾਦ ਜ਼ਿਲ੍ਹੇ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਨਾਲ ਮਰਨ ਵਾਲਿਆਂ ਦੀ ਗਿਣਤੀ ਵਧ ਕੇ 28 ਹੋ ਗਈ ਹੈ ਅਤੇ ਇਹ ਗਿਣਤੀ ਹੋਰ ਵਧ ਸਕਦੀ ਹੈ।

ਅੱਜ ਗਾਂਧੀਨਗਰ ਵਿੱਚਗੁਜਰਾਤ ਪੁਲਸ ਦੇ ਡਾਇਰੈਕਟਰ ਜਨਰਲ (ਡੀ ਜੀ ਪੀ) ਆਸ਼ੀਸ਼ ਭਾਟੀਆ ਨੇ ਦੱਸਿਆਕਿ ਮੁੱਢਲੀ ਜਾਂਚਮੁਤਾਬਕ ਜ਼ਿਲੇ ਬੋਟਾਦ ਦੇ ਵੱਖ-ਵੱਖ ਪਿੰਡਾਂ ਵਿੱਚ ਇੱਕ ਔਰਤਸਣੇ ਕੁਝ ਛੋਟੇ ਸ਼ਰਾਬ ਤਸਕਰਾਂ ਨੇ 'ਮਿਥਾਈਲ ਅਲਕੋਹਲ' ਵਿੱਚ ਪਾਣੀ ਪਾ ਕੇ ਨਕਲੀ ਸ਼ਰਾਬ ਬਣਾਈ ਸੀ, ਜੋ ਬੇਹੱਦ ਜ਼ਹਿਰੀਲੀ ਹੁੰਦੀ ਹੈ ਅਤੇ 20 ਰੁਪਏ 'ਪਾਊਚ' ਦੀ ਕੀਮਤ ਉੱਤੇਵੇਚਦੇ ਸਨ।ਮ੍ਰਿਤਕਾਂ ਦੇ ਖ਼ੂਨ ਦੇ ਦੀ ਜਾਂਚਤੋਂਪਤਾ ਲੱਗਾ ਕਿ ਉਨ੍ਹਾਂ ਨੇ ਇਹੋ ਸ਼ਰਾਬ ਪੀਤੀ ਸੀ। ਭਾਟੀਆ ਨੇ ਦੱਸਿਆ ਕਿ 14 ਲੋਕਾਂ ਖਿਲਾਫਕੇਸ ਦਰਜ ਕੀਤੇ ਹਨ ਤੇ ਉਨ੍ਹਾਂ ਵਿੱਚੋਂ ਬਹੁਤੇਗ੍ਰਿਫਤਾਰ ਕਰਲਏ ਹਨ।ਇਹ ਘਟਨਾ ਸੋਮਵਾਰ ਸਵੇਰੇ ਉਦੋਂ ਪਤਾ ਲੱਗੀ, ਜਦੋਂ ਬੋਟਾਦ ਜ਼ਿਲੇ ਦੇ ਰੋਜਿਡ ਪਿੰਡ ਅਤੇ ਆਲੇ-ਦੁਆਲੇ ਦੇ ਪਿੰਡਾਂਦੇ ਕੁਝ ਲੋਕਾਂ ਨੂੰ ਉਨ੍ਹਾਂ ਦੀ ਹਾਲਤ ਵਿਗੜਨ ਉੱਤੇ ਬਰਵਾਲਾ ਖੇਤਰ ਤੇ ਬੋਟਾਦ ਵਿੱਚ ਸਰਕਾਰੀ ਹਸਪਤਾਲਾਂ ਵਿੱਚਲਿਆਂਦਾ ਗਿਆ। ਭਾਟੀਆ ਨੇ ਦੱਸਿਆ ਕਿ ਜ਼ਹਿਰੀਲੀ ਸ਼ਰਾਬ ਪੀਣ ਨਾਲ 28 ਲੋਕਾਂ ਦੀ ਮੌਤ



ਹੋ ਚੁੱਕੀ ਹੈ। ਉਨ੍ਹਾਂ ਵਿੱਚੋਂ 22 ਬੋਟਾਦ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਦੇ ਸਨ, ਜਦਕਿ 6 ਜਣੇ ਗੁਆਂਢੀ ਜ਼ਿਲ੍ਹੇ ਅਹਿ-ਮਦਾਬਾਦ ਦੇ 3 ਪਿੰਡਾਂ ਦੇ ਵਸਨੀਕ ਸਨ।

ਡੀ ਜੀ ਪੀ ਭਾਟੀਆ ਨੇ ਦੱਸਿਆ ਕਿ ਹਾਲੇ ਤੱਕ ਦੀ ਪੁਲਸ ਜਾਂਚ ਵਿੱਚਪਤਾ ਲੱਗਾ ਹੈ ਕਿ ਜਯੇਸ਼ ਉਰਫ ਰਾਜੂ ਨੇ ਅਹਿਮਦਾਬਾਦ ਦੇ ਇੱਕ ਗੋਦਾਮ,ਜਿੱਥੇਉਹ ਮੈਨੇਜਰ ਸੀ, ਵਿੱਚੋਂ 600 ਲੀਟਰ 'ਮਿਥਾਈਲ ਅਲਕੋਹਲ' ਚੋਰੀ ਕੀਤਾ 25 ਜੁਲਾਈ ਨੂੰ ਬੋਟਾਦ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ ਸੰਜੇ ਨੂੰ 40 ਹਜ਼ਾਰ ਰੁਪਏ ਦਾ ਵੇਚ ਦਿੱਤਾ।ਉਨ੍ਹਾ ਕਿਹਾ, 'ਇਹ ਜਾਣਦੇ ਹੋਏ ਕਿ ਇਹ ਉਦਯੋਗਿਕ ਘੋਲ ਵਾਲਾ (ਸਾਲਵੇਂਟ) ਹੈ, ਸੰਜੇ ਨੇ ਇਸ ਨੂੰ ਬੋਟਾਦ ਦੇ ਵੱਖ-ਵੱਖ ਪਿੰਡਾਂ ਦੇ ਨਸ਼ਾ ਤਸਕਰਾਂ ਨੂੰ ਵੇਚ ਦਿੱਤਾ, ਜਿਹੜੇ ਇਸ ਨੂੰ ਪਾਣੀ ਵਿੱਚ ਮਿਲਾ ਕੇ ਦੇਸੀ ਸ਼ਰਾਬ ਬਣਾ ਕੇ ਲੋਕਾਂ ਨੂੰ ਵੇਚਦੇ ਸਨ।

## ਅੱਜ ਨਾਮਾ

ਕਾਰਗਿਲ ਜੰਗ ਦਾ ਜਦੋਂ ਵੀ ਦਿਨ ਆਵੇ,
ਯਾਦ ਲੋਕਾਂ ਨੂੰ ਬਹੁਤ ਕੁਝ ਆਏ ਮੀਆਂ।
ਭਾਰਤੀ ਫੌਜ ਜਾਂ ਓਧਰ ਸੀ ਪਾਕਿ ਵਾਲੇ,
ਝੋਲੀ ਮੌਤ ਦੀ ਪੁੱਤਰ ਗਏ ਪਾਏ ਮੀਆਂ।
ਤੁਣਕਾ ਦੇਂਦਾ ਸੀ ਪੱਛਮ ਤੋਂ ਕੋਈ ਬੈਠਾ,
ਜਿਸ ਨੇ ਕਈ ਥਾਂ ਮੁਲਕ ਲੜਾਏ ਮੀਆਂ।
ਦੋਵਾਂ ਧਿਰਾਂ ਦਾ ਹੇਜਲਾ ਆਪ ਬਣ-ਬਣ,
ਰਾਖਾ ਅਮਨ ਦਾ ਆਪ ਅਖਵਾਏ ਮੀਆਂ।
ਮ੍ਹਾਤੜ ਮੁਲਕਾਂ ਦੇ ਲੋਕੀਂ ਹਨ ਮਰੀ ਜਾਂਦੇ,
ਹਾਕਮ ਹਾਲੇ ਤੱਕ ਕਰਨ ਨਾ ਚੱਜ ਮੀਆਂ।
ਹੋਣੀ ਗੇੜਾ ਜਿਹਾ ਮਾਰੇ ਪਈ ਇੱਲ ਵਾਂਗੂੰ,
ਕਾਰਗਿਲ ਵਾਂਗ ਆ ਭਾਲਦੀ ਪੱਜ ਮੀਆਂ।

**ਤੀਸ ਮਾਰ ਖਾਂ**

# ਏ ਟੀ ਐਮ ਕਾਰਡ ਬਦਲ ਕੇ ਠੱਗੀਆਂ ਕਰਦੇ ਗੈਂਗ ਦੇ ਦੋ ਬੰਦੇ ਕਾਬੂ


ਜਲੰਧਰ, 26 ਜੁਲਾਈ (ਪੋਸਟ ਬਿਊਰੋ)- ਬੀਤੇ ਦਿਨੀਂ ਥਾਣਾ ਰਾਮਾਮੰਡੀ ਪੁਲਸ ਨੇ ਵੱਖ-ਵੱਖ ਕੇਸਾਂ ਲੋਕਾਂ ਦੇ ਏ ਟੀ ਐਮ ਕਾਰਡ ਬਦਲ ਕੇ ਠੱਗੀ ਕਰਨ ਵਾਲੇ ਗਿਰੋਹ ਦੇ ਦੋ ਮੈਂਬਰਾਂ ਨੂੰ 15 ਹਜ਼ਾਰ ਦੀ ਨਕਦੀ ਅਤੇ ਭਾਰੀ ਮਾਤਰਾ ਵਿੱਚ ਏ ਟੀ ਐਮ ਕਾਰਡਾਂ ਸਮੇਤ ਫੜਿਆ ਕੀਤਾ ਹੈ। ਇਸ ਦੌਰਾਨ ਕਾਜੀ ਮੰਡੀ ਦੇ ਕੋਲ ਵੱਖ-ਵੱਖ ਥਾਂ ਤੋਂ ਦੋ ਸੱਟੇਬਾਜ਼ਾਂ ਨੂੰ ਹਜ਼ਾਰਾਂ ਰੁਪਏ ਨਕਦੀ ਅਤੇ ਦੜਾ-ਸੱਟੇ ਦੀ ਪਰਚੀਆਂ ਦੇ ਨਾਲ ਗ੍ਰਿਫ਼ਤਾਰ ਕੀਤਾ ਹੈ। ਥਾਣਾ ਮੁਖੀ ਨਵਦੀਪ ਸਿੰਘ ਨੇ ਦੱਸਿਆ ਕਿ ਏ ਐਸ ਆਈ ਰਘੁਵੀਰ ਕੁਮਾਰ ਪੁਲਸ ਟੀਮ ਸਹਿਤ ਪ੍ਰੀਤਨਗਰ, ਲਾਡੋਵਾਲੀ ਰੋਡ ਉੱਤੇ ਮੌਜੂਦ ਸੀ। ਇਸੇ ਦੌਰਾਨ ਕੰਮ ਤੋਂ ਛੁੱਟੀ ਕਰਕੇ ਫੋਕਲ ਪਵਾਇੰਟ ਰੋਡ ਉੱਤੇ ਘਰ ਜਾ ਰਹੇ ਸਤੀਸ਼ ਕੁਮਾਰ ਪੁੱਤਰ ਬੰਤਾ ਰਾਮ ਵਾਸੀ ਪ੍ਰੀਤਨਗਰਸੀ ਬੀ ਆਈ ਦੇ ਏ ਟੀ ਐਮ ਤੋਂ ਪੈਸੇ ਕੱਢਵਾਉਣੇ ਸੀ। ਉਥੇ ਦੋ ਨੌਜਵਾਨ ਏ ਟੀ ਐਮ ਦੇ ਬਾਹਰ ਖੜ੍ਹੇ ਸਨ। ਜਦੋਂ ਉਹ ਅੰਦਰ ਗਿਆ, ਦੋਵਾਂ ਨੌਜਵਾਨਾਂ ਨੇ ਉਸ ਨੂੰ ਗੱਲੀਂ ਲਾ ਕੇ ਬੈਂਕ ਆਫ ਬੜੌਦਾ ਦਾ ਕਾਰਡ ਬਦਲ ਕੇ ਦੇ ਦਿੱਤਾ। ਕੁਝ ਸਮੇਂ ਬਾਅਦ ਉਸਦੇ ਮੋਬਾਇਲ ਉੱਤੇ ਮੈਸੇਜ ਆਇਆ ਕਿ ਉਸਦੇ ਖਾਤੇ ਤੋਂ 25 ਹਜ਼ਾਰ ਰੁਪਏ ਨਿਕਲ ਗਏ ਹਨ। ਇਸ ਬਾਰੇ ਸੈਮੁਅਲ ਹੰਸ ਉਰਫ ਅਕਸ਼ੇ ਪੁੱਤਰ ਜੈਮਸ ਮਸੀਹ ਵਾਸੀ ਉਪਕਾਰ ਨਗਰ, ਉਸਦੇ ਰਿਸ਼ਤੇਦਾਰ ਸੰਨੀ ਕੁਮਾਰ ਉਰਫ਼ ਸੰਨੀ ਪੁੱਤਰ ਸੰਤ ਰਾਮ ਨੂੰ ਓਦੋਂ ਗ੍ਰਿਫ਼ਤਾਰ ਕੀਤਾ ਗਿਆ, ਜਦੋਂ ਲੰਮਾ ਪਿੰਡ ਦੇ ਚੌਕ ਕੋਲ ਉਹ ਫਿਰ ਵਾਰਦਾਤ ਕਰਨ ਦੀ ਫਿਰਾਕ ਵਿੱਚ ਸਨ। ਅਕਸ਼ੇ ਦੇ ਕਬਜ਼ੇ ਤੋਂ 10 ਹਜ਼ਾਰ ਰੁਪਏ ਅਤੇ ਸੰਨੀ ਦੇ ਕਬਜ਼ੇ ਤੋਂ ਪੰਜ ਹਜ਼ਾਰ ਰੁਪਏ ਹੋਏ ਹਨ। ਦੋਸ਼ੀਆਂ ਨੇ ਏ ਟੀ ਐਮ ਕਾਰਡ ਨੂੰ ਤੋੜ ਦਿੱਤਾ ਸੀ। ਪੁੱਛਗਿੱਛ ਵਿੱਚ ਅਕਸ਼ੇ ਨੇ ਦੱਸਿਆ ਕਿ ਸੱਤ ਅਪ੍ਰੈਲ ਨੂੰ ਉਸ ਨੇ ਆਪਣੇ ਦੋਸਤ ਸੋਨੂੰ ਨਾਲ ਮਿਲ ਕੇ ਰਾਮਾਮੰਡੀ ਪੀ ਐਨ ਬੀ ਬੈਂਕ ਦੇ ਏ ਟੀ ਐਮ ਵਿੱਚ ਇੱਕ ਵਿਅਕਤੀ ਦਾ ਏ ਟੀ ਐਮ ਕਾਰਡ ਬਦਲ ਕੇ 85 ਹਜ਼ਾਰ ਰੁਪਏ ਕੱਢਵਾਏ ਸਨ, ਜਿਸ ਵਿੱਚੋਂ ਉਸ ਨੇ 58 ਹਜ਼ਾਰ ਰੁਪਏ ਦਾ ਏਸੀ ਖਰੀਦਿਆ ਸੀ ਅਤੇ 20 ਹਜ਼ਾਰ ਰੁਪਏ ਸੋਨੂੰ ਨੂੰ ਦਿੱਤੇ ਸੀ, ਬਾਕੀ ਰੁਪਏ ਖਰਚ ਕਰ ਦਿੱਤੇ ਸਨ।

ਦੂਸਰੇ ਪਾਸੇ ਏ ਐਸ ਆਈ ਸੋਮਨਾਥ ਨੇ ਪ੍ਰਮੋਦ ਪੁੱਤਰ ਮਨੋਹਰ ਲਾਲ ਵਾਸੀ ਭੀਮਨਗਰ ਨੂੰ ਦੜੇ-ਸੱਟੇ ਦੀਆਂ ਪਰਚੀਆਂ ਅਤੇ 3,550 ਰੁਪਏ ਦੀ ਨਕਦੀ ਨਾਲ ਫੜਿਆ ਗਿਆ ਹੈ। ਏ ਐਸ ਆਈ ਰੂਪ ਲਾਲ ਨੇ ਇੱਕ ਸੂਚਨਾ ਉੱਤੇ ਕਾਜੀ ਮੰਡੀ ਚੌਕ ਨੇੜੇ ਅਸ਼ੋਕ ਕੁਮਾਰ ਪੁੱਤਰ ਦੁਰਗਾ ਦਾਸ ਵਾਸੀ ਨਿਊ ਪ੍ਰਿਥਵੀ ਨਗਰ ਨੂੰ ਦੜੇ-ਸੱਟੇ ਦੀ ਪਰਚੀਆਂ ਅਤੇ 3,860 ਰੁਪਏ ਨਾਲ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਦੋਨਾਂ ਦੇ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ।

# ਸਾਬਕਾ ਪਾਰਲੀਮੈਂਟ ਮੈਂਬਰ ਕੇ ਡੀ ਸਿੰਘ ਉੱਤੇ 100 ਕਰੋੜ ਰੁਪਏ ਦੇ ਘਪਲੇ ਦਾ ਕੇਸ

ਨਵੀਂ ਦਿੱਲੀ, 26 ਜੁਲਾਈ (ਪੋਸਟ ਬਿਊਰੋ)- ਭਾਰਤ ਦੀ ਕੇਂਦਰੀ ਜਾਂਚ ਏਜੰਸੀ ਸੀ ਬੀ ਆਈ ਨੇ ਉੱਤਰ ਪ੍ਰਦੇਸ਼ ਵਿੱਚ 100 ਕਰੋੜ ਰੁਪਏ ਦੀਆਂ ਦੋ ਚਿੱਟ ਫੰਡ ਕੰਪਨੀਆਂ ਦੇ ਫਰਾਡਵਿੱਚ ਸਾਬਕਾ ਰਾਜ ਸਭਾ ਮੈਂਬਰ ਕੇ ਡੀ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਸਮੇਤ 7 ਲੋਕਾਂ ਖਿਲਾਫ ਵੱਖ-ਵੱਖ ਅਪਰਾਧਿਕ ਧਾਰਾਵਾਂ ਦਾ ਕੇਸ ਦਰਜ ਕੀਤਾ ਹੈ। ਇਸ ਪਿੱਛੋਂਸੀ ਬੀ ਆਈ ਨੇ ਦਿੱਲੀ, ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼, ਚੰਡੀਗੜ੍ਹ ਆਦਿ ਕੁੱਲ 12 ਥਾਈਂ ਛਾਪੇ ਮਾਰੇ ਹਨ।

ਸੀ ਬੀ ਆਈ ਦੇ ਬੁਲਾਰੇ ਆਰ ਸੀ ਜੋਸ਼ੀ ਅਨੁਸਾਰ ਇਸਬਾਰੇ ਜਿਨ੍ਹਾਂ ਲੋਕਾਂਉੱਤੇ ਕੇਸ ਬਣਿਆ ਹੈ, ਉਨ੍ਹਾਂ



ਵਿੱਚ ਸਾਬਕਾ ਰਾਜ ਸਭਾ ਮੈਂਬਰ ਕੰਵਰਦੀਪ ਸਿੰਘ, ਉਨ੍ਹਾਂ ਦੇ ਪੁੱਤਰ ਕਰਨਦੀਪ ਸਿੰਘ ਤੋਂ ਇਲਾਵਾ ਸਤੇਂਦਰ ਸਿੰਘ, ਵੀ ਐਮ ਮਹਾਜਨ, ਸੀਐਮ ਜੋਲੀ, ਕ੍ਰਿਸ਼ਨਾ ਕਬੀਰ, ਸੁਚੇਤਾ ਖੇਮਕਰ, ਚੰਦਰਸ਼ੇਖਰ ਚੌਹਾਨ ਵੀ ਸ਼ਾਮਲ ਹਨ ਤੇ ਸੁਸ਼ੀਲ ਰਾਏ ਤੋਂ ਬਿਨਾ ਅਣਪਛਾਤੇ ਲੋਕਾਂ ਦੇ ਨਾਂ ਹਨ। ਇਹ ਉੱਤਰ ਪ੍ਰਦੇਸ਼ ਸਰਕਾਰ ਦੀ ਬੇਨਤੀ ਉਤੇ ਭਾਰਤ ਸਰਕਾਰ ਦੇ ਨੋਟੀਫਿਕੇਸ਼ਨ ਨਾਲ ਦਰਜ ਕੀਤਾ ਗਿਆ ਸੀ। ਇਸਵਿੱਚ ਦੋਸ਼ ਹੈ ਕਿ 2 ਚਿੱਟ ਫੰਡ ਕੰਪਨੀਆਂ ਨੇ ਆਮ ਜਨਤਾ ਨਾਲ ਝੂਠੇ ਵਾਅਦੇ ਕਰਕੇ 100 ਕਰੋੜ ਰੁਪਏ ਦੀ ਠੱਗੀ ਮਾਰੀ ਹੈ। ਕੇਂਦਰ ਸਰਕਾਰ ਦੇ ਨੋਟੀਫਿਕੇਸ਼ਨ ਪਿੱਛੋਂ ਇਸਸੀ ਬੀ ਆਈ ਨੇ ਚੰਡੀਗੜ੍ਹ, ਦਿੱਲੀ, ਹਰਿਆਣਾ, ਬਿਹਾਰ, ਪੰਜਾਬ ਤੇ ਉੱਤਰ ਪ੍ਰਦੇਸ਼ ਵਿੱਚ 12 ਵੱਖ-ਵੱਖ ਥਾਈਂ ਛਾਪੇ ਮਾਰੇ ਤੇ ਦਾਅਵਾ ਕੀਤਾ ਹੈ ਕਿ ਇਸ ਦੌਰਾਨ ਕਈ ਦਸਤਾਵੇਜ਼ ਮਿਲੇ ਹਨ ਅਤੇ ਜਲਦੀ ਹੀ ਕੇਸ ਦੇ ਮੁਲਜ਼ਮਾਂ ਦੀ ਪੁੱਛਗਿੱਛ ਕੀਤੀ ਜਾਵੇਗੀ।

# ਲਖੀਮਪੁਰ ਖੇੜੀ ਕੇਸ: ਆਸ਼ੀਸ਼ ਮਿਸ਼ਰਾ ਨੂੰ ਜ਼ਮਾਨਤ ਦੇਣ ਤੋਂ ਹਾਈਕੋਰਟ ਦਾ ਇਨਕਾਰ



ਲਖਨਊ, 26 ਜੁਲਾਈ (ਪੋਸਟ ਬਿਊਰੋ)- ਕਿਸਾਨ ਅੰਦੋਲਨ ਵੇਲੇ ਵਾਪਰੇ ਬਹੁ-ਚਰਚਿਤ ਲਖੀਮਪੁਰ ਖੇੜੀ ਕਤਲ ਕੇਸ ਦੇ ਮੁੱਖ ਦੋਸ਼ੀ ਆਸ਼ੀਸ਼ ਮਿਸ਼ਰਾ ਨੂੰ ਅੱਜ ਇਲਾਹਾਬਾਦ ਹਾਈ ਕੋਰਟ ਦੀ ਲਖਨਊ ਬੈਂਚ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ।ਉਸ ਹਿੰਸਾ ਵਿੱਚ ਚਾਰ ਕਿਸਾਨਾਂ ਸਮੇਤ ਅੱਠ ਲੋਕਾਂ ਦੀ ਮੌਤ ਦੇ ਕੇਸ ਵਿੱਚ ਦੋਸ਼ੀ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਦੇ ਬੇਟੇ ਆਸ਼ੀਸ਼ ਦੀ ਜ਼ਮਾਨਤ ਪਟੀਸ਼ਨ ਹਾਈ ਕੋਰਟ ਨੇ ਰੱਦ ਕਰ ਦਿੱਤੀ ਹੈ।

ਵਰਨਣ ਯੋਗ ਹੈ ਕਿ ਹਾਈ ਕੋਰਟ ਦੇ ਲਖਨਊ ਬੈਂਚ ਦੇ ਜਸਟਿਸ ਕ੍ਰਿਸ਼ਨਾ ਦੀ ਅਦਾਲਤ ਨੇਇਸ ਦੀ ਸੁਣਵਾਈ ਤੋਂ ਬਾਅਦ 15 ਜੁਲਾਈ ਨੂੰ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਸੀ, ਜਿਸ ਦੀ ਸੁਣਵਾਈ ਅੱਜ ਮੰਗਲਵਾਰ ਨੂੰ ਹੋਈ ਹੈ।ਇਸ ਕੇਸ ਵਿੱਚ ਹਾਈਕੋਰਟ ਨੇ 10 ਫਰਵਰੀ ਨੂੰ ਆਸ਼ੀਸ਼ ਨੂੰ ਜ਼ਮਾਨਤ ਦੇਦਿੱਤੀ, ਪਰ ਸੁਪਰੀਮ ਕੋਰਟ ਨੇ ਜ਼ਮਾਨਤ ਦੇ ਹੁਕਮ ਰੱਦ ਕਰ ਕੇ ਹਾਈਕੋਰਟ ਨੂੰ ਕਿਹਾ ਸੀ ਕਿ ਪੀੜਤ ਧਿਰ ਨੂੰ ਪੂਰਾ ਮੌਕਾ ਦੇਣ ਪਿੱਛੋਂ ਜ਼ਮਾਨਤ ਦੀ ਅਰਜ਼ੀ ਉੱਤੇ ਫੈਸਲਾ ਦੇਵੇ। ਇਸ ਉੱਤੇ ਹਾਈਕੋਰਟ ਨੇ ਜ਼ਮਾਨਤ ਪਟੀਸ਼ਨ ਉੱਤੇ ਮੁੜ ਕੇ ਸੁਣਵਾਈ ਕੀਤੀ ਸੀ।

ਆਸ਼ੀਸ਼ ਮਿਸ਼ਰਾ ਨੂੰ ਇਸ ਵੇਲੇ ਜੇਲ੍ਹ ਦੀ ਬੈਰਕ ਨੰਬਰ 21 ਵਿੱਚ ਰੱਖਿਆ ਗਿਆ ਹੈ।ਇਸ ਕੇਸ ਵਿੱਚ ਫੋਰੈਂਸਿਕ ਸਾਇੰਸ ਲੈਬਾਰਟਰੀ ਨੇ ਪੁਸ਼ਟੀ ਕੀਤੀ ਸੀ ਕਿ 3 ਅਕਤੂਬਰ ਨੂੰ ਲਖੀਮਪੁਰ ਖੇੜੀ ਹਿੰਸਾ ਦੌਰਾਨ ਦੋਸ਼ੀ ਅੰਕਿਤ ਦਾਸ ਅਤੇ ਆਸ਼ੀਸ਼ ਮਿਸ਼ਰਾ ਦੀਆਂ ਲਾਇਸੈਂਸੀ ਗੰਨਾਂ ਨਾਲ ਗੋਲੀਬਾਰੀ ਕੀਤੀ ਗਈ ਸੀ। ਲਖੀਮਪੁਰ ਪੁਲਿਸ ਨੇ ਆਸ਼ੀਸ਼ ਮਿਸ਼ਰਾ ਤੇ ਅੰਕਿਤ ਦਾਸ ਦੇ ਲਾਇਸੈਂਸੀ ਹਥਿਆਰ ਜ਼ਬਤ ਕਰ ਲਏ ਸਨ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਸ਼ਾਹਬਾਜ਼ ਸ਼ਰੀਫ ਨੂੰ ਝਟਕਾ: ਪੁੱਤਰ ਦੀ ਕੁਰਸੀ ਨਹੀਂ ਬਚੀ, ਪਰਵੇਜ਼ ਇਲਾਹੀ ਪੰਜਾਬ ਦੇ ਨਵੇਂ ਮੁੱਖ ਮੰਤਰੀ ਹੋਣਗੇ

ਇਸਲਾਮਾਬਾਦ, 26 ਜੁਲਾਈ (ਪੋਸਟ ਬਿਊਰੋ)- ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਦੋਸਤ ਮੁਹੰਮਦ ਮਜ਼ਾਰੀ ਦਾ ਫੈਸਲਾ ਰੱਦ ਕਰ ਕੇ ਮੰਗਲਵਾਰ ਐਲਾਨ ਕੀਤਾ ਕਿ ਪਾਕਿ-ਸਤਾਨ ਮੁਸਲਿਮ ਲੀਗ (ਪੀਐਮਐਲ-ਐਨ) ਦੇ ਹਮਜ਼ਾ ਸ਼ਾਹਬਾਜ਼ ਦੀ ਥਾਂ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਸੀਨੀਅਰ ਸਾਥੀ ਅਤੇਪਾਕਿਸਤਾਨ ਮੁਸਲਿਮ ਲੀਗ (ਕਿਊ) ਦੇ ਨੇਤਾ ਪਰਵੇਜ਼ ਇਲਾਹੀ ਪੰਜਾਬ ਦੇ ਮੁੱਖ ਮੰਤਰੀਹੋਣਗੇ। ਇਸ ਫੈਸਲੇ ਨੂੰ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਲਈ ਵੱਡਾ ਝਟਕਾ ਅਤੇ ਇਮਰਾਨ ਖਾਨ ਦੀ ਵੱਡੀ ਜਿੱਤ ਮੰਨਿਆ ਜਾਂਦਾ ਹੈ।

ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀਟੀਆਈ) ਵੱਲੋਂ ਸੱਤਾਧਾਰੀ ਗੱਠਜੋੜ ਦੇ ਖਿਲਾਫ

*** ਸੁਪਰੀਮ ਕੋਰਟ ਵੱਲੋਂ ਹਮਜ਼ਾ ਨੂੰ ਹਟਾਉਣ ਦੇ ਹੁਕਮ**

ਪੰਜਾਬ ਦੀਆਂ ਉਪ ਚੋਣਾਂ ਜਿੱਤਣ ਤੋਂ ਬਾਅਦ ਇਹ ਉਸ ਲਈਇੱਕ ਹੋਰ ਵੱਡੀ ਜਿੱਤ ਹੈ।ਅਖਬਾਰ ਡਾਨ ਦੀ ਰਿਪੋਰਟ ਅਨੁਸਾਰ ਸੁਪਰੀਮ ਕੋਰਟ ਨੇ ਆਪਣੇ ਸੰਖੇਪ ਹੁਕਮਵਿੱਚ ਹਮਜ਼ਾ ਸ਼ਾਹਬਾਜ਼ ਵੱਲੋਂ ਕੀਤੀਆਂ ਸਾਰੀਆਂ ਨਿਯੁਕਤੀਆਂ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਤੇ ਉਸਦੇ ਮੰਤਰੀਆਂ ਨੂੰ ਆਪਣੇ ਦਫਤਰ ਖਾਲੀ ਕਰਨ ਨੂੰ ਕਿਹਾ ਹੈ। ਇਸ ਦੇ ਨਾਲ ਹਮਜ਼ਾ ਸ਼ਾਹਬਾਜ਼ ਵੱਲੋਂ ਮੁੱਖ ਮੰਤਰੀ ਹੁੰਦਿਆਂ ਨਿਯੁਕਤ ਕੀਤੇ ਸਲਾਹਕਾਰਾਂ ਅਤੇ ਸਹਾਇਕਾਂ ਨੂੰ ਵੀ ਉਨ੍ਹਾਂ ਦੀਆਂ ਡਿਊਟੀਆਂ ਤੋਂ ਮੁਕਤ ਕਰਨ ਦੇ ਆਦੇਸ਼ ਦਿੱਤੇ ਗਏ ਸਨ।

ਵਰਨਣ ਯੋਗ ਹੈ ਕਿ ਪਾਕਿਸਤਾਨ



ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੇ ਪੁੱਤਰ ਹਮਜ਼ਾ ਸ਼ਾਹਬਾਜ਼ ਨੇ ਪੰਜਾਬ ਦੇ ਮੁੱਖ ਮੰਤਰੀ ਦੀ ਚੋਣ ਵਿੱਚ ਪਰਵੇਜ਼ ਇਲਾਹੀ ਨੂੰ ਹਰਾਇਆ ਸੀ ਅਤੇ ਪੰਜਾਬ ਅਸੈਂਬਲੀ ਦੇ ਡਿਪਟੀ ਸਪੀਕਰ ਮਜ਼ਾਰੀ ਨੇ ਪੀਐੱਮਐੱਲ-ਕਿਊ ਦੀਆਂ 10 ਵੋਟਾਂ ਰੱਦ ਕਰ ਕੇ ਇਸ ਜਿੱਤ ਦਾ ਰਾਹ ਕੱਢਿਆ ਸੀ। ਇਸ ਤੋਂ ਪਹਿਲਾਂ ਪਾਕਿ-ਸਤਾਨ ਸੁਪਰੀਮ ਕੋਰਟ ਨੇ ਸੁਣਵਾਈ ਸ਼ੁਰੂ ਹੋਣ ਤੱਕ ਹਮਜ਼ਾ ਸ਼ਾਹਬਾਜ਼ ਨੂੰ ਪੰਜਾਬ ਦੇ 'ਟਰੱਸਟੀ'ਮੁੱਖ ਮੰਤਰੀ ਬਣੇ ਰਹਿਣ ਦੀ ਇਜਾਜ਼ਤ ਦਿੱਤੀ ਸੀ। ਆਪਣੇ ਹੁਕਮ ਵਿੱਚਕੋਰਟ ਨੇ ਕਿਹਾ ਸੀ ਕਿ ਉਹ ਮੁੱਖ ਕਾਰਜਕਾਰੀ ਅਧਿਕਾਰੀ ਦੇ ਬਗੈਰ ਪੰਜਾਬ ਨਹੀਂ ਛੱਡ ਸਕਦੀ, ਇਸ ਲਈ ਹਮਜ਼ਾ ਸ਼ਾਹਬਾਜ਼ ਸੋਮਵਾਰ ਤੱਕ ਟਰੱਸਟੀ ਮੁੱਖ ਮੰਤਰੀ ਵਜੋਂ ਕੰਮ ਕਰਦੇ ਰਹਿਣਗੇ।

ਬਾਅਦ ਵਿੱਚ ਗੱਠਜੋੜ ਸਰਕਾਰ ਨੇ ਕੇਸ ਦੀ ਸੁਣਵਾਈ ਲਈ ਫੁੱਲ ਕੋਰਟ ਬੈਂਚ ਦੀ ਮੰਗ ਕੀਤੀ, ਪਰ ਕੋਰਟ ਨੇ ਲਗਭਗ ਅੱਠ ਘੰਟੇ ਸਭ ਧਿਰਾਂ ਦੀਆਂ ਦਲੀਲਾਂ ਸੁਣਨ ਪਿੱਛੋਂ ਇਹ ਕਹਿ ਕੇ ਫੁੱਲ ਕੋਰਟ ਬੈਂਚ ਦੀ ਮੰਗਰੱਦ ਕਰ ਦਿੱਤੀ ਕਿ ਉਹੀ ਬੈਂਚ ਸਭ ਤੋਂ ਪਹਿਲਾਂ ਸੁਣਵਾਈ ਕਰੇਗਾ।ਇਸ ਦੇ ਬਾਅਦ ਜਮੀਅਤ ਉਲੇਮਾ-ਏ-ਇਸਲਾਮ ਦੇ ਮੁਖੀ ਮੌਲਾਨਾ ਫਜ਼ਲੁਰ ਰਹਿਮਾਨ ਨੇ ਕਿਹਾ, "ਕੇਸ ਦੀ ਸੁਣਵਾਈ ਕਰਨ ਵਾਲੀ ਤਿੰਨ ਜੱਜਾਂ ਦੀ ਬੈਂਚ ਵੱਲੋਂ ਸੁਣਾਏ ਕਿਸੇ ਵੀ ਫੈਸਲੇ ਨੂੰ ਅੰਸ਼ਕ ਮੰਨਿਆ ਜਾਵੇਗਾ ਤੇ ਸਰਕਾਰ ਇਸ ਬੈਂਚ ਅੱਗੇ ਪੇਸ਼ ਨਹੀਂ ਹੋਵੇਗੀ। ਉਨ੍ਹਾਂ ਕਿਹਾ, 'ਸਰਕਾਰ ਆਪਣੇ ਮਾਮਲਿਆਂ ਵਿੱਚ ਕੋਈ ਦਖ਼ਲ ਨਹੀਂ ਚਾਹੁੰਦੀ ਤੇ ਨੀਤੀਆਂ ਜਾਰੀ ਰੱਖਣ ਦੇ ਯਤਨ ਕਰਦੀ ਰਹੇਗੀ।'

ਇਸ ਤੋਂ ਪਹਿਲਾਂ ਪੰਜਾਬ ਵਿੱਚ ਪਿਛਲੇ ਹਫਤੇ ਹੋਈਆਂ ਉਪ ਚੋਣਾਂ ਵਿੱਚ ਸ਼ਾਨਦਾਰ ਜਿੱਤ ਮਗਰੋਂ ਪਾਕਿ-ਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਸੋਮਵਾਰ ਨੂੰ ਮੁੱਖ ਚੋਣ ਕਮਿਸ਼ਨਰ (ਸੀਈਸੀ) ਸਿਕੰਦਰ ਸੁਲਤਾਨ ਰਾਜਾ ਨੂੰ ਅਸਤੀਫਾ ਦੇਣ ਦੀ ਅਪੀਲ ਕਰਦਿਆਂ ਇਹ ਕਿਹਾ ਕਿ ਉਨ੍ਹਾਂ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀਟੀਆਈ) ਨੇ ਰਾਜ ਵਿੱਚ ਜਿੱਤ ਹਾਸਲ ਕੀਤੀ ਹੈ ਤੇ ਮਸ਼ੀਨਰੀ ਦੀ ਦੁਰਵਰਤੋਂ ਦੇ ਬਾਵਜੂਦ ਪਾਕਿਸਤਾਨ ਦੀ ਹਾਕਮ ਪੀਐਮਐਲ-ਐਨ ਪਾਰਟੀ ਐਤਵਾਰ ਚੋਣਾਂ ਵਿੱਚ ਹਾਰ ਗਈ ਹੈ। ਇਮਰਾਨ ਖਾਨ ਦੀ ਅਗਵਾਈ ਵਾਲੀ ਪੀਟੀਆਈ ਨੇ ਉੱਪ ਚੋਣਾਂ ਵਿੱਚ 15 ਸੀਟਾਂ ਜਿੱਤੀਆਂ ਸਨ ਅਤੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੀ ਪੀਐਮਐਲ-ਐਨ ਸਿਰਫ਼ 4 ਸੀਟਾਂ ਜਿੱਤ ਸਕੀ ਸੀ, ਜਦ ਕਿਇੱਕ ਸੀਟ ਆਜ਼ਾਦ ਉਮੀਦਵਾਰ ਨੇ ਜਿੱਤੀ ਸੀ।

# ਬਲਾਕ ਸੁਨਾਮ 2 ਦੇ ਵਿੱਦਿਅਕ ਮੁਕਾਬਲੇ ਕਰਵਾਏ ਗਏ

ਦਿੜ੍ਹਬਾ ਮੰਡੀ, 24 ਜੁਲਾਈ () : ਸਿੱਖਿਆ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਆਜ਼ਾਦੀ ਦੇ 75ਵੇਂ ਸਾਲ ਨੂੰ ਸਮਰਪਿਤ ਬਲਾਕ ਸੁਨਾਮ-2 ਦੇ ਵਿੱਦਿਅਕ ਮੁਕਾਬਲੇ ਪ੍ਰਾਇਮਰੀ ਸਿੱਖਿਆ ਅਫਸਰ ਹਰਤੇਜ ਸਿੰਘ ਕੌਹਰੀਆਂ ਦੀ ਅਗਵਾਈ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਗੁੱਜਰਾਂ ਵਿਖੇ ਕਰਵਾਏ ਗਏ। ਇਸ ਮੌਕੇ ਮੁੱਖ ਮਹਿਮਾਨ ਵਜੋਂ ਵਿਨੋਦ ਕੁਮਾਰ ਹਾਂਡਾ ਡਿਪਟੀ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸੰਗਰੂਰ ਨੇ ਸ਼ਿਰਕਤ ਕੀਤੀ। ਕਵਿਤਾ ਉਚਾਰਣ ਵਿੱਚ ਭਵਨਦੀਪ ਕੌਰ ਮਹਿਲਾ ਤੇ ਇਸ਼ਮੀਤ



ਕੌਰ ਸੂਲਰਘਰਾਟ, ਪੋਸਟਰ ਮੇਕਿੰਗ ਵਿੱਚ ਮਨਵੀਰ ਕੌਰ ਸੂਲਰ ਘਰਾਟ ਤੇ ਪ੍ਰਭਜੋਤ ਕੌਰ ਤੂਰਬੰਜਾਰਾ, ਕੋਲਾਜ ਮੇਕਿੰਗ ਵਿੱਚ ਪਰੀ ਸੂਲਰ ਘਰਾਟ ਤੇ ਹੁਸਨਦੀਪ ਕੌਰ ਗੁੱਜਰਾਂ, ਸੁੰਦਰ ਲਿਖਾਈ ਵਿੱਚ ਮਨਮੀਤ ਕੌਰ ਸਫੀਪੁਰ ਕਲਾਂ ਤੇ ਮਨਕਰਨ ਸਿੰਘ ਤੂਰਬਣਜਾਰਾ, ਸਲੋਗਨ ਵਿੱਚ ਰਮਨਦੀਪ ਕੌਰ ਮਹਿਲਾ ਤੇ ਮਹਾਵੀਰ ਸਿੰਘ ਸੂਲਰ ਘਰਾਟ, ਕੋਰੀਓਗ੍ਰਾਫੀ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਦੀਵਾਨਗੜ੍ਹ ਕੈਂਪਰ ਤੇ ਸਰਕਾਰੀ ਪ੍ਰਾਇਮਰੀ ਸਕੂਲ ਘਰਾਚੋਂ, ਸਕਿੱਟ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਘਰਾਚੋਂ ਤੇ ਸਰਕਾਰੀ ਪ੍ਰਇਮਰੀ ਸਕੂਲ ਭੱਟੀਵਾਲ ਨੇ ਕ੍ਰਮਵਾਰ ਪਹਿਲਾ ਤੇ ਦੂਜਾ ਸਥਾਨ ਹਾਸਲ ਕੀਤਾ। ਓਵਰਆਲ ਟਰਾਫੀ ਮਹਿਲਾ ਕਲੱਸਟਰ ਨੇ ਪ੍ਰਾਪਤ ਕੀਤੀ। ਇਸ ਮੌਕੇ ਗੁਰਜੰਟ ਸਿੰਘ ਕੋਹਰੀਆ, ਸਤਨਾਮ ਸਿੰਘ ਬੀ ਐੱਮ ਟੀ, ਕੁਲਦੀਪ ਸਿੰਘ ਭੱਟੀਵਾਲ ਸੀਐਚਟੀ, ਜਗਦੇਵ ਸਿੰਘ ਸੀਐਚਟੀ, ਦਲਜਿੰਦਰ ਸਿੰਘ ਸੀਐਚਟੀ, ਜਗਤਾਰ ਸਿੰਘ ਸੀਐਚਟੀ, ਜਗਜੀਤ ਸਿੰਘ ਸੀਐਚਟੀ, ਤਰਸੇਮ ਸਿੰਘ ਐੱਚਟੀ, ਸੁਖਵੰਤ ਕੌਰ ਐੱਚਟੀ, ਗੌਰਾ ਦੇਵੀ ਐੱਚਟੀ, ਰਜਨੀ ਕੌਰ ਐਚਟੀ, ਸਿਮਰਨ ਕੌਰ ਐੱਚਟੀ, ਸਪਨਾ ਗਰਗ, ਰਮਨਦੀਪ ਕੌਰ ਕੋਹਰੀਆਂ, ਮਨਦੀਪ ਕੌਰ ਗੁੱਜਰਾਂ, ਪ੍ਰਿੰਸੀਪਲ ਗੁਰਮੀਤ ਸਿੰਘ, ਪ੍ਰਿੰਸੀਪਲ ਨਿਖਲ ਮੰਡਲ, ਅੰਗਰੇਜ਼ ਸਿੰਘ, ਸਤਵੀਰ ਸਿੰਘ, ਰਵਿੰਦਰ ਸਿੰਘ, ਗੋਬਿੰਦ ਸਿੰਘ, ਅਨਿਲ ਕੁਮਾਰ, ਪੂਨਮ ਗੁਪਤਾ,' ਸ਼ਿੰਦਰਪਾਲ ਸਿੰਘ, ਗੁਰਜੀਤ ਸਿੰਘ ਸੋਢੀ, ਅਮਰਿੰਦਰ ਸਿੰਗਲਾ, ਕੁਲਦੀਪ ਸਿੰਘ, ਬਲਵਿੰਦਰ ਸਿੰਘ, ਨੈਬ ਸਿੰਘ, ਰਣਜੀਤ ਕੌਰ, ਰਘਵੀਰ ਸਿੰਘ ਐੱਚਟੀ, ਸਰਪੰਚ ਮੇਜਰ ਸਿੰਘ, ਹਰਿੰਦਰ ਸਿੰਘ ਧਾਲੀਵਾਲ,' ਲਾਭ ਸਿੰਘ ਢਿੱਲੋਂ,' ਗਗਨ ਫੌਜੀ, ਕੇਸਰ ਸਿੰਘ ਝੱਲੀ ਆਦਿ ਹਾਜ਼ਰ ਸਨ।

# ਰੋਪੜ ਦੀ ਐਸ ਡੀ ਐਮ ਬਣ ਕੇ ਲੋਕਾਂ ਨਾਲ ਠੱਗੀ ਮਾਰਨ ਵਾਲੀ ਕਾਬੂ

ਫਤਿਹਗੜ੍ਹ ਸਾਹਿਬ, 26 ਜੁਲਾਈ (ਪੋਸਟ ਬਿਊਰੋ)- ਸਿਵਲ ਸਰਵਿਸਿਜ਼ ਪ੍ਰੀਖਿਆ ਦੀ ਤਿਆਰੀ ਕਰ ਰਹੀ 25 ਸਾਲਾ ਲੜਕੀ ਨੂੰ ਪੁਲਸ ਨੇ ਗ੍ਰਿਫਤਾਰ ਕੀਤਾ ਹੈ, ਜਿਹੜੀ ਲੋਕਾਂ ਕੋਲ ਆਪਣੇ ਆਪ ਨੂੰ ਰੋਪੜ ਦੀ ਐਸ ਡੀ ਐਮ ਦੱਸ ਕੇ ਇਸ ਦੇ ਪਰਦੇ ਹੇਠਕਈ ਲੋਕਾਂ ਨਾਲ ਲੱਖਾਂ ਰੁਪਏ ਦੀ ਠੱਗੀ ਕਰ ਚੁੱਕੀ ਸੀ। ਉਸ ਨੇ ਫਤਿਹਗੜ੍ਹ ਸਾਹਿਬ, ਮੋਹਾਲੀ ਅਤੇ ਹੋਰ ਥਾਵਾਂ ਦੇ ਲੋਕਾਂ ਨਾਲ ਵੀ ਠੱਗੀਆਂ ਮਾਰੀਆਂ ਤੇ ਆਪਣੇ ਨਜ਼ਦੀਕੀ ਰਿਸ਼ਤੇਦਾਰ ਵੀ ਨਹੀਂ ਬਖਸ਼ੇ। ਥਾਣਾ ਬਡਾਲੀ ਆਲਾ ਸਿੰਘ ਦੀ ਪੁਲਸ ਨੇ ਉਕਤ ਜਾਅਲੀ ਪੀ ਸੀ ਐਸ ਅਧਿਕਾਰੀ ਨੂੰ ਗ੍ਰਿਫਤਾਰ ਕੀਤਾ ਹੈ। ਐਸ ਐਚ ਓ ਥਾਣਾ ਬਡਾਲੀ ਆਲਾ ਸਿੰਘ ਨੇ ਦੱਸਿਆ ਕਿ ਪਿੰਡ ਸਲੇਮ-ਪੁਰ ਵਿਖੇ ਪੰਚਾਇਤੀ ਪਿੱਪਲ ਵੱਢਣ ਦੇ ਕੇਸ ਵਿੱਚ ਬੀ ਡੀ ਪੀ ਓ ਖੇੜਾ ਦੀ ਸ਼ਿਕਾਇਤ ਉੱਤੇ ਪਿੰਡ ਸਲੇਮਪੁਰ ਦੇ ਚਾਰ ਜਣਿਆਂ ਵਿਰੁੱਧ 16 ਜੁਲਾਈ ਨੂੰ ਇਸ ਥਾਣੇ ਵਿੱਚ ਕੇਸ ਦਰਜ ਹੋਇਆ ਸੀ। ਇਸ ਬਾਰੇ ਬੀ ਡੀ ਪੀ ਓ ਖੇੜਾ ਨੂੰ ਐਸ ਡੀ ਐਮ ਫਤਿਹਗੜ੍ਹ ਸਾਹਿਬ ਦੇ ਹੁਕਮਾਂ ਵਾਲਾ ਪੱਤਰ ਮਿਲਿਆ, ਜਿਸ ਵਿੱਚ ਲਿਖਿਆ ਸੀ ਕਿ ਉਕਤ ਪਿੱਪਲ ਪੂਰੀ ਤਰ੍ਹਾਂ ਕਟਵਾ ਦਿੱਤਾ ਜਾਵੇ। ਉਨ੍ਹਾਂ ਦੱਸਿਆ ਕਿ ਉਹ ਪੱਤਰ ਜਾਂਚ ਦੌਰਾਨ ਜਾਅਲੀ ਪਾਇਆ ਗਿਆ ਅਤੇ ਬੀ ਡੀ ਪੀ ਓ ਦੀ ਸ਼ਿਕਾਇਤ ਉੱਤੇ ਅਣਪਛਾਤੇ ਦੋਸ਼ੀਆਂ ਵਿਰੁੱਧ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕੀਤੀ ਗਈ, ਜਿਸ ਦੌਰਾਨ ਪਤਾ ਲੱਗਾ ਕਿ ਇੱਕ ਲੜਕੀ ਮਨਵੀਰ ਕੌਰ ਪਿੰਡ ਮਹਿਮਦਪੁਰ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਖੁਦ ਨੂੰ ਐਸ ਡੀ ਐਮ ਰੋਪੜ ਦੱਸਦੀ ਹੈ ਅਤੇ ਉਸ ਨੇ ਇਹ ਜਾਅਲੀ ਪੱਤਰ ਬਣਾਇਆ ਸੀ। ਸਲੇਮਪੁਰ ਦੇ ਦਰੱਖਤ ਵੱਢਣ ਵਾਲੇ ਕੇਸ ਵਿੱਚ ਕੁਝ ਲੋਕਾਂ ਨੇ ਜਦੋਂ ਉਕਤ ਲੜਕੀ ਨਾਲ ਉਸ ਨੂੰ ਪੀ ਸੀ ਐਸ ਸਮਝ ਕੇ ਸੰਪਰਕ ਕੀਤਾ ਤਾਂ ਮਨਵੀਰ ਕੌਰ ਨੇ ਐਸ ਡੀ ਐਮ, ਫਤਿਹਗੜ੍ਹ ਸਾਹਿਬ ਦੇ ਨਾਂਅ ਦਾ ਜਾਅਲੀ ਪੱਤਰ ਜਾਰੀ ਕਰ ਦਿੱਤਾ। ਜਾਂਚ ਦੌਰਾਨ ਪੁਲਸ ਨੂੰ ਕੁਝ ਅਖਬਾਰ ਵੀ ਮਿਲੇ ਜਿਸ ਵਿੱਚ ਖਬਰਾਂ ਛਪੀਆਂ ਸਨ ਕਿ ਉਸ ਲੜਕੀ ਦਾ ਪੀ ਸੀ ਐਸ ਬਣਨ ਉੱਤੇ ਸਨਮਾਨ ਕੀਤਾ ਗਿਆ। ਉਹ ਖੁਦ ਨੂੰ ਪੀ ਸੀ ਐਸ ਅਧਿਕਾਰੀ ਦੱਸਦੀ ਸੀ। ਐਸ ਐਚ ਓ ਨੇ ਦੱਸਿਆ ਕਿ ਗ੍ਰਿਫਤਾਰ ਕੀਤੀ ਗਈ ਮਨਵੀਰ ਕੌਰ ਕੋਲੋਂ ਐਸ ਡੀ ਐਮ ਰੋਪੜ ਦਾ ਜਾਅਲੀ ਪਛਾਣ ਪੱਤਰ ਅਤੇ ਹੋਰ ਜਾਅਲੀ ਕਾਗਜ਼ ਵੀ ਮਿਲੇ ਹਨ, ਜਿਸ ਨੂੰ ਅਦਾਲਤ ਵਿੱਚ ਪੇਸ਼ ਕਰ ਕੇ ਉਸ ਦਾ ਤਿੰਨ ਦਿਨ ਦਾ ਪੁਲਸ ਰਿਮਾਂਡ ਲਿਆ ਹੈ। ਮਨਵੀਰ ਕੌਰ ਨੇ ਦੱਸਿਆ ਕਿ ਉਸ ਦਾ ਭਰਾ ਨਸ਼ਿਆਂ ਦੇ ਕੇਸ ਵਿੱਚ ਜੇਲ੍ਹ ਵਿੱਚ ਹੋਣ ਕਾਰਨ ਉਸ ਦੇ ਪਰਵਾਰ ਵਾਲੇ ਪ੍ਰੇਸ਼ਾਨ ਹਨ। ਪਰਵਾਰ ਉੱਤੇ ਕਰਜ਼ਾ ਵੀ ਕਾਫੀ ਸੀ। ਉਹ ਸਿਵਲ ਸਰਵਿਸਿਜ਼ ਪ੍ਰੀਖਿਆ ਦੀ ਤਿਆਰੀ ਕਰ ਰਹੀ ਹੈ ਅਤੇ ਪੀ ਸੀ ਐਸ ਦੀ ਪਹਿਲਾਂ ਵੀ ਪ੍ਰੀਖਿਆ ਦਿੱਤੀ ਸੀ, ਪਰ ਅਸਫਲ ਰਹੀ। ਭਰਾ ਦੇ ਜੇਲ੍ਹ ਵਿੱਚ ਹੋਣ ਅਤੇ ਪਰਵਾਰ ਉੱਤੇ ਕਰਜ਼ਾ ਹੋਣ ਕਾਰਨ ਉਸ ਨੂੰ ਗਲਤ ਰਸਤਾ ਅਪਣਾਉਣਾ ਪਿਆ। ਥਾਣਾ ਮੁਖੀ ਅਨੁਸਾਰ ਲੜਕੀ ਨੇ ਆਪਣੇ ਕਿਸੇ ਪਾਸ ਹੋਏ ਦੋਸਤ ਦਾ ਰੋਲ ਨੰਬਰ ਲੈ ਕੇ ਉਸ ਉੱਤੇ ਆਪਣਾ ਨਾਂਅ ਦਰਜ ਕਰ ਕੇ ਲੋਕਾਂ ਨੂੰ ਗੁੰਮ-ਰਾਹ ਕੀਤਾ ਕਿ ਉਸ ਦੀ ਪ੍ਰੀਖਿਆ ਕਲੀਅਰ ਹੋ ਚੁੱਕੀ ਹੈ।













# 'ਜੀਪ ਲਵਰਜ਼ ਕਲੱਬ ਟੋਰਾਂਟੋ' ਨੇ ਜੀਪ ਰਾਈਡ ਤੇ ਪਿਕਨਿਕ ਮਨਾਈ



ਬਰੈਂਪਟਨ, (ਡਾ. ਝੰਡ) -'ਜੀਪ ਲਵਰਜ਼ ਕਲੱਬ ਟੋਰਾਂਟੋ ਵੱਲੋਂ' ਲੰਘੇ ਐਤਵਾਰ 24 ਜੁਲਾਈ ਨੂੰ ਸਲਾਨਾ ਰਾਈਡ ਐਂਡ ਪਿਕਨਿਕ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਸਵੇਰੇ-ਸਵੇਰ 4.30 ਵਜੇ ਤਿੰਨ ਦਰਜਨ ਜੀਪਾਂ ਦਾ ਕਾਫ਼ਲਾ ਗੋਰ ਰੋਡ ਤੇ ਕੈਸਲਮੋਰ ਇੰਟਰਸੈੱਕਸ਼ਨ ਦੇ ਨੇੜੇ 'ਗੋਰ ਮੀਡੋਜ਼ ਕਮਿਊਨਿਟੀ ਸੈਂਟਰ ਐਂਡ ਲਾਇਬ੍ਰੇਰੀ' ਦੀ ਪਾਰਕਿੰਗ ਤੋਂ ਰਵਾਨਾ ਹੋਇਆ ਅਤੇ 51 ਕਿਲੋਮਟਿਰ ਦਾ ਸਫ਼ਰ ਤੈਅ ਕਰਕੇ ਇਹ ਕਾਫ਼ਾ ਐਰਲ ਰੋਵਰ ਪ੍ਰੋਵਿੰਸ਼ੀਅਲ ਪਾਰਕ ਵਿਖੇ ਪੂਰੇ ਧੂਮ-ਧੜੱਕੇ ਨਾਲ ਪਹੁੰਚਾ। ਰਸਤੇ ਵਿਚ ਗੋਰਿਆਂ ਦੀ ਕਮਿਊਨਿਟੀ ਵੱਲੋਂ ਇਸ ਦਾ ਭਰਵਾਂ ਸੁਆਗਤ ਕੀਤਾ ਗਿਆ।

ਪਾਰਕ ਵਿਚ ਜਾ ਕੇ ਸਾਰਿਆਂ ਦੇ ਮਨੋਰੰਜਨ ਲਈ ਰੰਗਾ-ਰੰਗ ਪ੍ਰੋਗਰਾਮ ਹੋਇਆ ਜਿਸ ਵਿਚ ਗਾਇਕਾਂ ਭੁਪਿੰਦਰ ਬੱਬਲ, ਦਲਬੀਰ ਸਿੰਘ ਹਰੀਪੁਰ, ਸਾਹਿਲ ਤੇ ਮਨਦੀਪ ਔਜਲਾ ਨੇ ਸ਼ਮੂਲੀਅਤ ਕੀਤੀ। ਮਾਸਟਰ ਬੀਰੂ ਨੇ ਢੋਲ ਦੇ ਜੌਹਰ ਵਿਖਾਏ। ਐਕਟਿੰਗ ਦੇ ਦੌਰ ਵਿਚ ਹਰਬੰਸ ਢਿੱਲੋਂ (ਬੰਸਾ ਬੁੱਟਰ ਕਲਾਂ), ਟੋਰਾਂਟੋ ਤੋਂ ਗੁੱਗੂ ਗਿੱਲ ਨੇ ਅਮਰੀਸ਼ ਪੁਰੀ ਅਤੇ ਮੇਹਰ ਮਿੱਤਲ ਦੇ ਫ਼ਿਲਮੀ ਡਾਇਲਾਗ ਬੋਲ ਕੇ ਖ਼ੂਬ ਰੰਗ ਬੰਨ੍ਹਿਆਂ। ਭੰਗੜੇ ਵਿਚ ਤੇਜਵੰਤ ਸਿੰਘ, ਬਲਬੀਰ ਸਿੰਘ, ਜਗਜੀਤ ਸਿੰਘ ਤੇ ਕਈ ਹੋਰਨਾਂ ਨੇ ਹਿੱਸਾ ਲਿਆ। ਰੰਗਾ-ਰੰਗ ਪ੍ਰੋਗਰਾਮ ਚੱਲ ਰਹੇ ਮੀਂਹ ਦੇ ਬਾਵਜੂਦ ਵੀ ਨਿਰੰਤਰ ਜਾਰੀ ਰਿਹਾ ਅਤੇ ਇਹ ਸ਼ਾਮ ਦੇ 6.00 ਵਜੇ ਤੱਕ ਚੱਲਦਾ ਰਿਹਾ। ਦਰਸ਼ਕਾਂ ਨੇ ਇਸ ਦਾ ਭਰਪੂਰ ਅਨੰਦ ਮਾਣਿਆਂ। ਇਸ ਦੌਰਾਨ ਸਨੈਕਸ, ਚਾਹ-ਪਾਣੀ, ਖਾਣ-ਪੀਣ ਅਤੇ ਕੋਲਡ ਡਰਿੰਕਸ ਦਾ ਦੌਰ ਸਾਰਾ ਦਿਨ ਹੀ ਚੱਲਦਾ ਰਿਹਾ।

ਇਸ ਪ੍ਰੋਗਰਾਮ ਵਿਚ 'ਰਾਈਡ ਫ਼ਾਰ ਰਾਜਾ' ਅਤੇ ਬਰੈਂਪਟਨ ਦੀ 'ਸਿੱਖ ਮੋਟਰਸਾਈਕਲ ਕਲੱਬ' ਦੇ ਮੈਂਬਰ ਵੀ ਸ਼ਾਮਲ ਹੋਏ। ਪ੍ਰਬੰਧਕਾਂ ਵਿਚ ਪ੍ਰਧਾਨ ਬੂਟਾ ਸਿੰਘ ਜੌਹਲ, ਜਿੰਦਰ ਦਿਓਲ, ਜੱਸ ਦਿਓਲ, ਬਲਜਿੰਦਰ ਸਿੰਘ ਬੋਪਾਰਾਏ, ਦਵਿੰਦਰ ਸਿੰਘ ਬਾਜਵਾ, ਬਲਬੀਰ ਸਿੰਘ ਰੰਧਾਵਾ, ਪ੍ਰਦੀਪ ਸਿੰਘ ਆਦਿ ਸ਼ਾਮਲ ਸਨ। ਅਖ਼ੀਰ ਵਿਚ ਬੂਟਾ ਸਿੰਘ ਜੌਹਲ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ। ਇਸ ਦੌਰਾਨ ਸਟੇਜ-ਸਕੱਤਰ ਦੀ ਭੂਮਿਕਾ 'ਉਸਤਾਦ ਜੀ' ਵੱਲੋਂ ਬਾਖ਼ੂਬੀ ਨਿਭਾਈ ਗਈ।

## ਮਿੰਨੀ ਕਹਾਣੀ ਮੋਹ ਦੀ ਸੰਘਣੀ ਛਾਂ

-ਪ੍ਰਭਜੋਤ ਕੌਰ ਰੰਧਾਵਾ

ਨਿੱਘੀ ਧੁੱਪ, ਨਿੱਘਾ ਡੈਡੀ ਦਾ ਮੋਹ, ਡੈਡੀ ਦੇ ਚਿਹਰੇ ਉੱਤੇ ਨੂਰ ਹੀ ਨੂਰ, ਦਿਨ ਐਤਵਾਰ ਜ਼ਿਆਦਾਤਰ ਮੈਂ ਤੇ ਡੈਡੀ ਬੈਠ ਕੇ ਪੂਰੇ ਹਫਤੇ ਦੇ ਸਫਰ ਦੀਆਂ ਗੱਲਾਂ ਸਾਂਝੀਆਂ ਕਰਦੇ। ਗਰੀਨ-ਟੀ ਡੈਡੀ ਅਤੇ ਮੇਰੀ ਮਨਪਸੰਦ, ਬਗੀਚੇ ਵਿਚਲੀ ਹਰਿਆਵਲ ਨੂੰ ਚੁਸਕੀਆਂ ਭਰ-ਭਰ ਪੀ ਰਹੇ ਹੋਏ, ਡੈਡੀ ਦੇ ਨਾਲ ਬੈਠਿਆਂ ਹਰ ਡਰ, ਹਰ ਮੁਸੀਬਤ, ਹਰ ਦੁੱਖ ਦੀਕੋਈ ਹੋਂਦ ਨਾ ਬਚਦੀ ਹੋਵੇ, ਮੈਂ ਡੈਡੀ ਚਵ ਪੁੱਤ, ਸ਼ਾਇਦ ਓਨਾ ਨੇ ਕਦੇ ਮੈਨੂੰ ਧੀ ਵਾਂਗਰ ਪਾਲਿਆ ਹੀ ਨਹੀਂ, ਮੇਰੇ ਹਰ ਸ਼ੌਕ ਨੂੰ ਹਰ ਹੀਲੇ ਪੂਰਾ ਕਰਨਾ, ''ਜੋਤ ਚੱਲ ਮੇਰਾ ਪੁੱਤਰ ਗੁਰਦੁਆਰਾ ਸਾਹਿਬ ਮੱਥਾ ਟੇਕ ਆਈਏ, ਮੈਂ ਫੋਨ ਵਿਚ ਬਿਜ਼ੀ, ਤੁਸੀਂ ਚੱਲੋ ਤੁਹਾਡਾ ਪੁੱਤ ਤੁਹਾਡੇ ਪਿੱਛੇ-ਪਿੱਛੇ ਆਇਆ।''
ਖਬਰ ਹੀ ਨਹੀਂ ਸੀ, ਚਿੱਤ-ਚੇਤੇ ਤਾਂ ਕੀ ਸੁਫਨੇ ਵਿੱਚ ਵੀ ਨਹੀਂ ਸੀ ਕਿ ਕੁਝ ਕੁ ਪਲਾਂ ਵਿੱਚ ਸਾਲਾਂ ਦਾ ਮੋਹ ਤੋੜ ਕੇ ਵੀ ਕੋਈ ਇੰਝ ਦੂਰ ਜਾਂਦਾ, ਅਰਦਾਸ-ਅਰਦਾਸ ਅੱਥਰੂ-ਅੱਥਰੂ ਅਤੇ ਮੈਂ ਜਿਵੇਂ ਪੱਥਰ ਦਾ ਬੁੱਤ, ਬੱਸ ਜੋ ਕੁਝ ਪਲ ਪਹਿਲਾਂ ਬੀਤਿਆ, ਓਹੀਓ ਸਾਹਾਂ ਵਿੱਚ ਰੁਕ ਗਿਆ, ਅੱਖਾਂ ਵਿੱਚੋਂ ਪਾਣੀ ਨਹੀਂ ਵਗ ਰਿਹਾ ਸੀ। ਮਾਂ ਆਖੇ ਪੁੱਤ ਤੇਰੇ ਡੈਡੀ ਤੁਰ ਗਏ। ਮੈਂ ਆਖਾਂ, ਮੈਂ ਸੋਚਾਂ ਸਭ ਸੁਫਨਾ ਏ, ਅਜੇ ਤਾਂ ਸਫਰ ਸ਼ੁਰੂ ਵੀ ਨੀਂ ਕੀਤਾ, ਮੈਂ ਤਾਂ ਡੈਡੀ ਦੇ ਪਿੱਛੇ ਗੁਰੂ ਘਰ ਜਾ ਰਹੀ ਹਾਂ, ਡੈਡੀ ਜੋ ਇਕ ਪਲ ਦਾ ਵਸਾਹ ਨਹੀਓਂ ਸਨ ਖਾਂਦੇ, ਉਹ ਮੇਰੇ ਤੋਂ ਇੰਨੀ ਦੂਰ ਕਿੰਝ ਜਾ ਸਕਦੇ ਨੇ, ਮਾਂ ਨੂੰ ਭੁਲੇਖਾ ਲੱਗਾ ਹੋਵੇਗਾ, ਸਭ ਕੁਝ ਉਂਝ ਸੀ ਅਜੇ, ਵੇਖਣ, ਸੁਣਨ, ਸਮਝਣ ਦੀ ਸ਼ਕਤੀ ਖਤਮ ਹੋ ਗਈ ਮੇਰੀ। ਹਰ ਕੋਈ ਰੋ ਰਿਹਾ ਸੀ, ਮੈਂ ਜਿਵੇਂ ਡੈਡੀ ਦੀ ਉਡੀਕ ਵਿੱਚ ਬੈਠੀ ਸੀ, ਡੈਡੀ ਜਹਾਨ ਛੱਡ ਮੇਰੇ ਸਾਹਵੇਂ ਚਿੱਟੇ ਕਫਨ ਵਿੱਚ ਪਏ ਸਨ, ਕੋਈ ਇੰਨਾ ਨਿਰਮੋਹਾ ਕਿਵੇਂ ਹੋ ਸਕਦਾ, ਸਾਲਾਂ ਦਾ ਸਾਥ ਛੱਡ ਬਿਨ ਦੱਸਿਆਂ ਤੁਰ ਜਾਵੇ। ਜ਼ਿੰਦਗੀ ਦੇ ਹੋਸ਼ ਦੇ ਪਲਾਂ ਵਿੱਚ ਸਦਾ-ਸਦਾ ਲਈ ਆਪਣੇ ਤੋਂ ਵਿਛੜਦੇ ਪਹਿਲੀ ਵਾਰ ਵੇਖ ਰਹੀ ਸੀ, ਬੱਸ ਵੇਖ ਰਹੀ ਮਹਿਸੂਸ ਕੁਝ ਨਹੀਂ ਹੋ ਰਿਹਾ ਸੀ, ਡੈਡੀ ਦੀ ਬੇਜ਼ਾਨ ਦੇਹ ਵੇਖ ਰੱਬ ਨਾਲ ਹੱਦੋਂਵੱਧ ਨਾਰਾਜ਼ਗੀ, ਰੱਬ ਦੀ ਹੋਂਦ ਉੱਤੇ ਸ਼ੱਕ ਹੋਣਾ, ਹਕੀਕਤ ਵਿੱਚ ਇਨਸਾਨ ਬੇਬਸੀ ਦਾ ਮਰੀਜ਼ ਬਣ ਜਾਂਦਾ ਹੈ, ਤੇ ਇਹੀ ਸਭ ਮੇਰੇ ਨਾਲਬੀਤ ਰਿਹਾ ਸੀ। ਸ਼ਾਇਦ ਨਹੀਂ ਸੱਚ ਵਿੱਚ ਬਹੁਤਿਆਂ ਨਾਲ ਬੀਤਿਆ ਹੋਵੇਗਾ।
ਅੱਜ ਡੈਡੀ ਨੂੰ ਗਿਆਂ ਲਗਭਗ ਸਾਲ ਤੋਂ ਵੱਧ ਹੋ ਗਿਆ, ਅੱਜ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਸਾਹਮਣੇ ਆ ਰਹੀਆਂ ਨੇ, ਤਰ੍ਹਾਂ ਤਰ੍ਹਾਂ ਦੇ ਲੋਕਾਂ ਨਾਲ ਵਾਹ ਪੈ ਰਿਹਾ ਹੈ, ਪਰ ਇੱਕ ਅਲੌਕਿਕ ਸ਼ਕਤੀ ਮੈਨੂੰ ਅੱਗੇ ਵਧਾ ਰਹੀ ਹੈ, ਬਿਨਾਂ ਕਿਸੇ ਡਰ ਦੇ, ਡੈਡੀ ਦੇ ਮੋਹ ਦੀ ਸੰਘਣੀ ਛਾਂ ਅੱਜ ਵੀ ਮੈਨੂੰ ਜ਼ਿੰਦਗੀ ਦੇ ਸਫਰ ਵਿੱਚ ਧੁੱਪ ਤੋਂ ਬਚਾਉਂਦੀ ਹੈ। ਮਾਪਿਆਂ ਦੇ ਮੋਹ ਦੀ ਇਹੋ ਸੰਘਣੀ ਛਾਂ ਓਹਨਾਂ ਦੇ ਤੁਰ ਜਾਣ ਦੇ ਬਾਅਦ ਵੀ ਜਿਊਣ ਲਈ ਸਹਾਈ ਰਹਿੰਦੀ ਹੈ।




## ਆ ਗਿਆ ਮਹੀਨਾ ਸਾਉਣ ਦਾ..

-ਸ਼ਵਿੰਦਰ ਕੌਰ



ਜੇਠ ਹਾੜ੍ਹ ਦੀਆਂ ਭੱਠ ਵਾਂਗ ਤਪਦੀਆਂ ਦੁਪਹਿਰਾਂ ਲੋਕਾਂ ਦਾ ਜਿਊਣਾ ਦੁੱਭਰ ਕਰ ਦਿੰਦੀਆਂ ਹਨ। ਸਾਉਣ ਮਹੀਨਾ ਵਰਖਾ ਰੁੱਤ ਦਾ ਹੁੰਦਾ ਹੈ। ਇਸ ਲਈ ਲੋਕ ਸਾਉਣ ਮਹੀਨੇ ਦੀ ਬੜੀ ਬੇਸਬਰੀ ਨਾਲ ਉਡੀਕ ਕਰਦੇ ਹਨ। ਸਾਉਣ ਮਹੀਨੇ ਵਿੱਚ ਜਦੋਂ ਕਾਲੀਆਂ ਘਟਾਵਾਂ ਚੜ੍ਹ ਕੇ ਆਉਂਦੀਆਂ ਹਨ, ਲੋਕਾਂ ਨੂੰ ਚਾਅ ਚੜ੍ਹ ਜਾਂਦਾ ਹੈ। ਰਿਮਝਿਮ ਬਰਸਦੇ ਪਾਣੀ ਨਾਲ ਤਪਦੀ ਧਰਤੀ ਠਰ ਜਾਂਦੀ ਹੈ। ਰੁਮਕਦੀਆਂ ਠੰਢੀਆਂ ਹਵਾਵਾਂ ਸਰੀਰ ਨੂੰ ਠੰਢ ਬਖ਼ਸ਼ਦੀਆਂ ਹਨ। ਗਰਮੀ ਦੇ ਸਤਾਏ ਲੋਕਾਂ ਵਿੱਚ ਜੋਸ਼ ਅਤੇ ਉਤਸ਼ਾਹ ਪੈਦਾ ਹੁੰਦਾ ਹੈ। ਤਨ, ਮਨ, ਧਨ ਤੇ ਧਰਤੀ ਮੌਲਦੀ ਹੈ। ਚਾਰੇ ਪਾਸੇ ਬਨਸਪਤੀ ਮਹਿਕ ਉਠਦੀ ਹੈ। ਧਰਤੀ ਹਰਿਆਲੀ ਨਾਲ ਢੱਕੀ ਜਾਂਦੀ ਹੈ। ਪਸ਼ੂ ਖੁੱਲ੍ਹਾ ਘਾਹ ਚਰਦੇ ਹਨ। ਮੌਸਮ ਸੁਹ-ਾਵਣਾ ਹੋ ਜਾਂਦਾ ਹੈ। ਕੋਇਲਾ ਕੂਕਦੀਆਂ ਹਨ। ਮੋਰ ਰੁਣਝੁਣ ਲਾਉਂਦੇ ਹਨ।

ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ॥

ਫ਼ਸਲਾਂ ਲਈ ਮੀਂਹ ਬਹੁਤ ਲਾਹੇਵੰਦ ਹੁੰਦਾ ਹੈ। ਇਸੇ ਲਈ ਪੰਜਾਬੀ ਸੱਭਿਆਚਾਰ ਵਿੱਚ ਸਾਉਣ ਮਹੀਨੇ ਨੂੰ ਭਾਗਾਂ ਭਰਿਆ ਮੰਨਿਆ ਜਾਂਦਾ ਹੈ। ਕਿਸਾਨਾਂ ਦੀ ਆਰਥਿਕਤਾ ਫ਼ਸਲਾਂ ਨਾਲ ਜੁੜੀ ਹੈ। ਇਸੇ ਲਈ ਲੋਕ ਚਾਵਾਂ ਨਾਲ ਇਸ ਮਹੀਨੇ ਦੀ ਆਮਦਉਡੀਕਦੇ ਹਨ। ਲੋਕ-ਬੋਲਾਂ ਰਾਹੀਂ ਲੋਕਾਂ ਦੀ ਮਾਨਸਿਕਤਾ ਦਾ ਪ੍ਰਗਟਾਵਾ ਇਨ੍ਹਾਂ ਸਤਰਾਂ ਰਾਹੀਂ ਮਿਲਦਾ ਹੈ-

ਲੱਖ ਖੁਸ਼ੀਆਂ ਤੇ ਸੱਧਰਾਂ ਲੈ ਕੇ
ਚੜ੍ਹਿਆ ਸਾਉਣ ਮਹੀਨਾ।
ਕੂ ਕੂ ਕਰਕੇ ਕੋਇਲਾਂ ਕੂਕਣ
ਬੀਂਡੇ ਵਾਂਗਰ ਬੀਨਾ।

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਸਾਉਣ ਮਹੀਨੇ ਮੀਂਹ ਨਾਲ ਫ਼ਸਲਾਂ ਮੌਲਦੀਆਂ ਤੇ ਕਿਸਾਨਾਂ ਨੂੰ ਲਹਿਲਹਾਉਂਦੀਆਂ ਫ਼ਸਲਾਂ ਤੱਕ ਕੇ ਚਾਅ ਚੜ੍ਹ ਜਾਂਦਾ ਹੈ। ਇਸ ਖ਼ੁਸ਼ੀ ਵਿੱਚ ਘਰ ਘਰ ਖੀਰ-ਪੂੜੇ ਬਣਦੇ ਹਨ। ਇੱਕ ਕਹਾਵਤ ਹੈ 'ਸਾਵਣ ਖੀਰ ਨਾ ਖਾਧੀਆ, ਕਿਉਂ ਜੰਮਿਆ ਅਪਰਾਧੀਆ।' ਇਸ ਮਹੀਨੇ ਸਹੁਰੇ ਘਰ ਗਈਆਂ ਧੀਆਂ ਨੂੰ ਸੰਧਾਰਾ ਭੇਜਿਆ ਜਾਂਦਾ ਹੈ। ਬਹੁਤੇ ਪਰਵਾਰ ਬਿਸਕੁਟ ਬਣਾ ਕੇ ਭੇਜਦੇ ਹਨ, ਕੋਈ ਸਰਦਾ ਪੁੱਜਦਾ ਘਰ ਲੀੜਾ ਕੱਪੜਾ ਵੀ ਭੇਜ ਦਿੰਦਾ ਹੈ।

ਸਭ ਤੋਂ ਵੱਧ ਚਾਅ ਕੁੜੀਆਂ ਨੂੰ ਹੁੰਦਾ ਹੈ, ਕਿਉਂਕਿ ਸਾਉਣ ਮਹੀਨੇ ਦੇ ਚਾਨਣੇ ਪੰਦਰਵਾੜੇ ਦੇ ਤੀਜੇ ਦਿਨ ਤੋਂ ਪੰਜਾਬ ਦੇ ਪਿੰਡਾਂ ਅਤੇ ਕਸਬਿਆਂ ਵਿੱਚ ਤੀਆਂ ਲੱਗਦੀਆਂ ਹਨ। ਇਹ ਪੰਦਰਾਂ ਦਿਨ ਚੱਲਦੀਆਂ ਹਨ, ਇਸੇ ਲਈ ਇਸ ਨੂੰ ਤੀਜ ਜਾਂ ਤੀਆਂ ਕਿਹਾ ਜਾਂਦਾ ਹੈ। ਇਹ ਨਿਰੋਲ ਮੁਟਿਆਰਾਂ, ਔਰਤਾਂ ਦਾ ਤਿਉਹਾਰ ਹੁੰਦਾ ਹੈ। ਤੀਆਂ ਨੂੰ ਸਹੁਰਿਆਂ ਤੋਂ ਕੁੜੀਆਂ ਨੂੰ ਪੇਕੇ ਲੈ ਆਉਣ ਦਾ ਰਿਵਾਜ ਬਹੁਤ ਪੁਰਾਣਾ ਹੈ। ਇਸ ਤਰ੍ਹਾਂ ਉਹ ਆਪਣੀਆਂ ਵਿੱਛੜੀਆਂ ਸਹੇਲੀਆਂ ਨੂੰ ਮਿਲ ਲੈਂਦੀਆਂ ਸਨ। ਰਲ਼ ਕੇ ਦੁੱਖ ਸੁੱਖ ਸਾਂਝੇ ਕਰ ਲੈਂਦੀਆਂ ਸਨ। ਇਸੇ ਲਈ ਇਨ੍ਹਾਂ ਦਿਨਾਂ ਵਿੱਚ ਭੈਣਾਂ ਨਿੱਤ ਆਪਣੇ ਪੇਕੇ ਘਰ ਦੇ ਰਾਹ ਦੇਖਦੀਆਂ ਵੀਰਾਂ ਨੂੰ ਉਡੀਕਦੀਆਂ ਹਨ। ਮਨ ਹੀ ਮਨ ਵਿੱਚ ਮਾਂ ਨੂੰ ਸੁਨੇਹੇ ਦਿੰਦੀਆਂ ਹਨ-

ਚੰਦ ਚੜ੍ਹ ਗਿਆ ਤੀਆਂ ਦੇ ਦਿਨ ਨੇੜੇ
ਭੇਜੀਂ ਮਾਏ ਵੱਡੇ ਵੀਰ ਨੂੰ।

ਮੁਟਿਆਰਾਂ ਲਈ ਤੀਆਂ ਦਾ ਤਿਉਹਾਰ ਇੱਕ ਵਿਲੱਖਣ ਪਛਾਣ ਰੱਖਦਾ ਹੈ। ਤੀਆਂ ਵਿੱਚ ਕੁੜੀਆਂ, ਨੂੰਹਾਂ ਅਤੇ ਕੁਝ ਉਨ੍ਹਾਂ ਤੋਂ ਵੱਡੀ ਉਮਰ ਦੀਆਂ ਔਰਤਾਂ ਵੀ ਪੂਰਾ ਪਹਿਨ ਪੱਚਰ ਕੇ ਤਿਆਰ ਹੋ ਕੇ ਜਾਂਦੀਆਂ ਹਨ। ਕਿਸੇ ਸੰਘਣੀ ਛਾਂ ਵਾਲੇ ਪਿੱਪਲ, ਬੋਹੜ ਜਾਂ ਨਿੰਮ ਥੱਲੇ ਧੀਆਂ ਮੇਲਣਾਂ ਇਕੱਠੀਆਂ ਹੁੰਦੀਆਂ ਹਨ। ਲੱਜ ਨਾਲ ਪੀਂਘ ਪਾਈ ਜਾਂਦੀ ਹੈ। ਬੈਠ ਕੇ ਜਾਂ ਖੜ੍ਹ ਕੇ ਪੀਂਘ ਝਟਾਉਣ ਲਈ ਇੱਕ ਫੱਟੀ, ਜਿਸ ਨੂੰ ਪੀੜ੍ਹੀ ਕਿਹਾ ਜਾਂਦਾ ਹੈ, ਰੱਸੇ ਦੇ ਦੋਵਾਂ ਪਾਸਿਆਂ ਨਾਲ ਪਾਈ ਜਾਂਦੀ ਹੈ। ਮੁਟਿਆਰਾਂ ਖੂਬ ਪੀਂਘ ਚੜ੍ਹਾਉਂਦੀਆਂ ਹਨ। ਪੀਂਘ ਦੇ ਹੁਲਾਰਿਆਂ ਨਾਲ ਰੁੱਖ ਦੀ ਟੀਸੀ ਤੋਂ ਪੱਤੇ ਤੋੜਦੀਆਂ ਹਨ। ਇਸ ਲਈ ਤਾਂ ਉਹ ਕਹਿੰਦੀਆਂ ਹਨ-

ਲੈ ਆ ਗਿਆ ਮਹੀਨਾ ਸਾਉਣ ਦਾ
ਪਿੱਪਲਾਂ 'ਤੇ ਪੀਂਘਾਂ ਪਾਉਣ ਦਾ
ਮੋਰਾਂ ਨਾਲ ਸ਼ਰਤ ਲਗਾਉਣ ਦਾ
ਜ਼ਿੰਦ ਜ਼ਿੰਦ ਕੇ ਪੀਂਘ ਚੜ੍ਹਾਉਣ ਦਾ।
ਨੱਚ ਨੱਚ ਕੇ ਧਰਤ ਧਮਕਾਉਣ ਦਾ।

ਗਿੱਧੇ ਦੇ ਪਿੜ ਅੰਦਰ ਮੁਟਿਆਰਾਂ ਆਪਣੇ ਸਾਰੇ ਅਰਮਾਨਾਂ, ਜਜ਼ਬਾਤਾਂ, ਅਹਿਸਾਸਾਂ ਅਤੇ ਉਮੰਗਾਂ ਦਾ ਪ੍ਰਗਟਾਵਾ ਬੇਫ਼ਿਕਰ ਹੋ ਕੇ ਕਰਦੀਆਂ ਹਨ। ਇਹ ਇਸ ਲਈ ਵੀ ਹੁੰਦਾ ਹੈ ਕਿ ਉਥੇ ਮਰਦ ਨਹੀਂ ਹੁੰਦੇ। ਨੱਚ ਟੱਪ ਕੇ ਆਪਣੀਆਂ ਖ਼ੁਸ਼ੀਆਂ ਨੂੰ ਪ੍ਰਗਟਾਉਂਦੀਆਂ ਹਨ। ਵਿੱਛੜੀਆਂ ਸਹੇਲੀਆਂ ਨੂੰ ਮਿਲ ਕੇ ਉਨ੍ਹਾਂ ਦਾ ਰੋਮ ਰੋਮ ਖਿੜ ਉਠਦਾ ਹੈ।ਤੀਆਂ ਅਰੰਭ ਹੋਣ ਤੋਂ ਪਹਿਲੇ ਦਿਨ, ਦੂਜੇ ਵਾਲੇ ਦਿਨ ਨੂੰ 'ਮਹਿੰਦੀ ਵਾਲਾ ਦਿਨ' ਕਿਹਾ ਜਾਂਦਾ ਹੈ। ਸ਼ਾਮ ਨੂੰ ਸੌਣ ਤੋਂ ਪਹਿਲਾਂ ਮੁਟਿਆਰਾਂ ਆਪਣੇ ਹੱਥਾਂ ਉੱਤੇ ਮਹਿੰਦੀ ਲਾਉਂਦੀਆਂ ਹਨ। ਇਸ ਸਮੇਂ ਉਹ ਇੱਕ ਦੂਜੀ ਦੇ ਹੱਥਾਂ ਉਤੇ ਆਪਣੀ ਕਲਾ ਦਾ ਜੌਹਰ ਦਿਖਾਉਂਦੀਆਂ ਹਨ। ਕਿਸੇ ਬਾਰੀਕ ਤੀਲੇ ਨਾਲ ਜਾਂ ਕੋਈ ਕੋਣ ਲੈ ਕੇ ਫੁੱਲ ਪੱਤੀਆਂ ਬਣਾਉਂਦੀਆਂ ਹਨ। ਸਵੇਰੇ ਉਠ ਕੇ ਜਦੋਂ ਹੱਥ ਧੋਦੀਆਂ ਹਨ ਤਾਂ ਹੱਥਾਂ ਉੱਤੇ ਖਿੜੇ ਮਹਿੰਦੀ ਨਾਲ ਫੁੱਲ, ਪੱਤੀਆਂ ਤੱਕ ਕੇ ਬਾਗ਼ੋ ਬਾਗ਼ ਹੋ ਜਾਂਦੀਆਂ। ਮਹਿੰਦੀ ਲਾਉਣ ਵਾਂਗ ਹੀ ਰੰਗ ਬਿਰੰਗੀਆਂ ਚੂੜੀਆਂ ਚੜ੍ਹਾਉਣੀਆਂ ਇਸ ਤਿਉਹਾਰ ਲਈ ਜ਼ਰੂਰੀ ਰਸਮ ਹੈ। ਜਿਉਂ ਹੀ ਵਣਜਾਰਾ'ਚੂੜੀਆਂ ਚੜ੍ਹਾ ਭਾਈ ਚੂੜੀਆਂ' ਦਾ ਹੋਕਾ ਦਿੰਦਾ, ਕੁੜੀਆਂ ਝੱਟ ਉਸਦੇ ਦੁਆਲੇ ਇਕੱਠੀਆਂ ਹੋ ਜਾਂਦੀਆਂ ਅਤੇ ਰੰਗ ਬਿਰੰਗੀਆਂ ਚੂੜੀਆਂ ਚੁਣ ਚੁਣ ਕੇ ਚੜ੍ਹਾਉਣੀਆਂ ਸ਼ੁਰੂ ਕਰ ਦਿੰਦੀਆਂ ਸਨ। ਗੋਰੀਆਂ ਬਾਹਵਾਂ ਉੱਤੇ ਰੰਗ ਬਿਰੰਗੀਆਂ ਚੂੜੀਆਂ ਉਨ੍ਹਾਂ ਦੇ ਹੁਸਨ ਨੂੰ ਚਾਰ ਚੰਦ ਲਾ ਦਿੰਦੀਆਂ ਹਨ।

ਆਥਣ ਹੋਣ ਉੱਤੇ ਸਜੀਆਂ ਸੰਵਰੀਆਂ ਕੁੜੀਆਂ ਇੱਕ ਦੂਜੀ ਨੂੰ ਆਵਾਜ਼ਾਂ ਮਾਰਦੀਆਂ ਕਿਸੇ ਸੰਘਣੇ ਰੁੱਖ ਹੇਠਾਂ ਇਕੱਠੀਆਂ ਹੋ ਜਾਂਦੀਆਂ ਹਨ। ਪੀਂਘ ਪਾ ਕੇ ਝੂਟਦੀਆਂ। ਬਾਕੀ ਗੋਲ ਘੇਰਾ ਬਣਾ ਕੇ ਗਿੱਧਾ ਪਾਉਣ ਲੱਗਦੀਆਂ। ਬੋਲੀਆਂ ਦੀ ਆਵਾਜ਼, ਚੂੜੀਆਂ ਦੀ ਛਣਕਾਰ, ਅੱਡੀਆਂ ਦੀ ਧਮਕ ਅਤੇ ਉਸ ਨਾਲ ਤਾਲ ਦਿੰਦੀ ਗਿੱਧੇ ਦੀ ਥਪ-ਥਪ ਵਾਤਾਵਰਨ ਨੂੰ ਨਸ਼ਿਆ ਦਿੰਦੀ। ਇਹੀ ਸਮਾਂ ਹੁੰਦਾ ਹੈ, ਜਦੋਂ ਉਹ ਹਰ ਤਰ੍ਹਾਂ ਦੇ ਬੰਧਨਾਂ ਤੋਂ ਮੁਕਤ ਹੋ ਕੇ ਦਿਲ ਦੇ ਵਲਵਲੇ ਬੋਲੀਆਂ ਰਾਹੀਂ ਪ੍ਰਗਟ ਕਰਕੇ ਆਪਣੇ ਆਪ ਨੂੰ ਤਰੋਤਾਜ਼ਾ ਕਰ ਲੈਂਦੀਆਂ ਹਨ। ਇਸ ਲਈ ਤਾਂ ਕੁੜੀਆਂ ਕਹਿੰਦੀਆਂ ਹਨ-

ਤੀਆਂ ਨੂੰ ਲਵਾਉਣ ਵਾਲਿਆ,
ਤੇਰਾ ਹੋਏ ਸੁਰਗਾਂ ਵਿੱਚ ਵਾਸਾ।

ਤੀਆਂ ਲੱਗੀਆਂ ਹੋਣ ਅਤੇ ਮਾਹੀ ਲੈਣ ਆ ਜਾਵੇ ਤਾਂ ਕੀਹਦਾ ਦਿਲ ਕਰਦਾ ਹੈ ਇਸ ਖ਼ੁਸ਼ੀਆਂ ਭਰੇ ਪਲਾਂ ਨੂੰ ਛੱਡ ਕੇ ਮੁੜ ਬੰਧੇਜ ਵਾਲੀ ਜਗ੍ਹਾ ਜਾਣ ਨੂੰ। ਮਾਹੀ ਨੂੰ ਬੋਲੀ ਰਾਹੀਂ ਆਪਣੀ ਰਾਇ ਦੱਸ ਦਿੱਤੀ ਜਾਂਦੀ ਹੈ-

ਸਾਉਣ ਦਾ ਮਹੀਨਾ, ਬਾਗਾਂ ਵਿੱਚ ਬੋਲਣ ਮੋਰ ਵੇ
ਜਾਂ
ਮੈਂ ਨਹੀਂ ਸਹੁਰੇ ਜਾਣਾ, ਗੱਡੀ ਨੂੰ ਖਾਲੀ ਮੋੜ ਵੇ।

ਤੀਆਂ ਤੋਂ ਵਾਪਸ ਆਉਂਦਿਆਂ ਉਹ ਗੀਤ ਗਾਉਂਦੀਆਂ ਆਉਂਦੀਆਂ ਹਨ-

ਸੱਚ ਦੇ ਬਚਨ ਵਿੱਚ ਧਾਈਆਂ
ਮਾਪਿਓ ਵੇ, ਤੁਹਾਡੇ ਰਾਜ ਵਿੱਚ
ਧੀਆਂ ਖੇਡ ਕੇ ਘਰਾਂ ਨੂੰ ਆਈਆਂ।

ਇਸ ਤਰ੍ਹਾਂ ਹੱਸਦਿਆਂ, ਖੇਡਦਿਆਂ, ਨੱਚਦਿਆਂ ਟੱਪਦਿਆਂ, ਪੀਂਘਾ ਝੂਟਦਿਆਂ ਤੀਆਂ ਦੇ ਇਹ ਪੰਦਰਾਂ ਦਿਨ ਝੱਟ ਲੰਘ ਜਾਂਦੇ ਹਨ। ਸਾਉਣ ਮਹੀਨੇ ਦੇ ਗੁਣਗਾਨ ਕਰਦੀਆਂ ਭਾਦੋਂ ਮਹੀਨੇ ਨੂੰ ਕੋਸਦੀਆਂ ਹਨ-

ਸਾਉਣ ਵੀਰ ਇਕੱਠੀਆਂ ਕਰੇ
ਭਾਦੋਂ ਚੰਦਰੀ ਵਿਛੋੜੇ ਪਾਵੇ।

ਤੀਆਂ ਦੇ ਆਖਰੀ ਦਿਨ ਪਾਣੀ ਨਾਲ ਭਰੀ ਗੜਵੀ ਵਿੱਚ ਦੱਬ ਪਾ ਕੇ ਕੁੜੀਆਂ ਗੀਤ ਗਾਉਂਦੀਆਂ ਘਰਾਂ ਨੂੰ ਤੁਰ ਪੈਂਦੀਆਂ ਹਨ। ਇਸ ਪਾਣੀ ਦਾ ਛਿੱਟਾ ਘਰ ਦੀ ਦਹਿਲੀਜ਼ ਉੱਤੇ ਦਿੰਦੀਆਂ ਹਨ। ਭਾਦੋਂ ਮਹੀਨੇ ਦੇ ਚੜ੍ਹਦਿਆਂ ਸਾਰੀਆਂ ਸਹੇਲੀਆਂ ਫਿਰ ਮਿਲਣ ਦੀ ਆਸ ਲੈ ਕੇ 'ਤੀਆਂ ਤੀਜ ਦੀਆਂ, ਵਰ੍ਹੇ ਦਿਨਾਂ ਨੂੰ ਫੇਰਾ' ਨੂੰ ਦਿਲਾਂ ਵਿੱਚ ਵਸਾਉਂਦੀਆਂ ਆਪੋ ਆਪਣੇ ਸਹੁਰਿਆਂ ਨੂੰ ਜਾਣ ਦੀ ਤਿਆਰੀ ਸ਼ੁਰੂ ਕਰ ਦਿੰਦੀਆਂ ਹਨ।

ਅੱਜਕੱਲ੍ਹ ਸੰਘਣੀਆਂ ਛਾਵਾਂ ਦੇਣ ਵਾਲੇ ਨਾ ਉਚੇ ਪਿੱਪਲ, ਬੋਹੜ ਰਹੇ, ਨਾ ਅੱਗੇ ਵਾਂਗ ਤੀਆਂ ਲੱਗਦੀਆਂ ਹਨ ਤੇ ਨਾ ਕੁੜੀਆਂ ਸਾਉਣ ਮਹੀਨੇ ਸਹੁਰਿਆਂ ਤੋਂ ਆਉਂਦੀਆਂ ਹਨ। ਰਲ ਬੈਠਣ, ਦੁੱਖ ਸੁੱਖ ਫਰੋਲਣ ਅਤੇ ਮਨ ਦੇ ਚਾਅ ਪੂਰੇ ਕਰਨ ਵਾਲੇ ਸਾਡੇ ਇਹ ਤਿਉਹਾਰ ਸਾਡੀਆਂ ਬਹੁਤ ਸਾਰੀਆਂ ਮਾਨਸਿਕ ਗੁੰਝਲਾਂ ਨੂੰ ਦੂਰ ਕਰ ਕੇ ਜ਼ਿੰਦਗੀ ਨੂੰ ਜਿਊਣ ਜੋਗੀ ਕਰ ਦਿੰਦੇ ਸਨ। ਵਿਕਾਸ ਦੇ ਨਾਂ ਉੱਤੇ ਬਹੁਤ ਕੁਝ ਛੁੱਟਦਾ ਜਾਂਦਾ ਹੈ। ਇਕੱਲ ਵਿੱਚ ਘਿਰੇ ਅਸੀਂ ਮਾਨਸਿਕ ਰੋਗੀ ਬਣਦੇ ਜਾਂਦੇ ਹਾਂ। ਸਾਉਣ ਮਹੀਨਾ ਪੰਜਾਬੀਆਂਦੀ ਪਛਾਣ ਤੇ ਪ੍ਰਗਟਾਵੇ ਦਾ ਮਹੀਨਾ ਹੈ। ਰੂਹ ਨੂੰ ਖਿੜਦੀ ਤੇ ਮੌਲਦੀ ਰੱਖਣ ਲਈ ਸਾਂਝੀਵਾਲਤਾ ਤੇ ਪ੍ਰਤੀਕ ਇਨ੍ਹਾਂ ਤਿਉਹਾਰਾਂ ਨੂੰ ਜਿਉਂਦਾ ਰੱਖਣਾ ਬਹੁਤ ਜ਼ਰੂਰੀ ਹੈ।

# ਜਾਂ ਤਾਂ ਮੈਂ ਤਿਰੰਗਾ ਲਹਿਰਾ ਕੇ ਵਾਪਸ ਆਵਾਂਗਾ, ਜਾਂ ਫਿਰ ਇਸ ਵਿੱਚ ਲਪੇਟ ਕੇ ਵਾਪਸ ਆਵਾਂਗਾ



*"ਇਹ ਹਰ ਸਾਲ 26 ਜੁਲਾਈ ਨੂੰ ਕਾਰਗਿਲ ਯੁੱਧ ਵਿੱਚ ਭਾਰਤੀ ਸੈਨਿਕਾਂ ਦੀਆਂ ਕੋਸ਼ਿਸ਼ਾਂ ਅਤੇ ਕੁਰਬਾਨੀਆਂ ਨੂੰ ਯਾਦ ਕਰਨ ਲਈ ਮਨਾਇਆ ਜਾਂਦਾ ਹੈ। ਇਹ ਦਿਨ 1999 ਦੀ ਕਾਰਗਿਲ ਜੰਗ ਦੇ ਸ਼ਹੀਦਾਂ ਨੂੰ ਸਮਰਪਿਤ ਹੈ। ਕਾਰਗਿਲ ਵਿਜੇ ਦਿਵਸ ਕਾਰਗਿਲ ਯੁੱਧ ਵਿੱਚ ਭਾਰਤੀ ਫੌਜ ਦੀ ਜਿੱਤ ਦਾ ਚਿੰਨ੍ਹ ਹੈ। ਅਸੀਂ 527 ਸਾਹਸੀ ਜਾਨਾਂ ਗੁਆ ਦਿੱਤੀਆਂ, ਅਤੇ 1363 ਸਿਪਾਹੀ ਲੜਾਈ ਵਿੱਚ ਜ਼ਖਮੀ ਹੋਏ। ਉਨ੍ਹਾਂ ਬਹਾਦਰੀ ਦੀਆਂ ਕੁਰਬਾਨੀਆਂ ਨੂੰ ਕੌਣ ਨਜ਼ਰਅੰਦਾਜ਼ ਕਰ ਸਕਦਾ ਹੈ? ਆਓ ਉਨ੍ਹਾਂ ਦੇ ਸਬਰ ਨੂੰ ਯਾਦ ਕਰੀਏ ਅਤੇ ਉਨ੍ਹਾਂ ਦੇ ਸ਼ੁਕਰਗੁਜ਼ਾਰ ਹੋਈਏ।"*

*-ਸਤਿਆਵਾਨ 'ਸੌਰਭ',*

ਕਾਰਗਿਲ ਵਿਜੇ ਦਿਵਸ ਹਰ ਸਾਲ 26 ਜੁਲਾਈ ਨੂੰ ਕਾਰਗਿਲ ਯੁੱਧ ਵਿੱਚ ਸੈਨਿਕਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਨ ਲਈ ਮਨਾਇਆ ਜਾਂਦਾ ਹੈ। ਭਾਰਤੀ ਫੌਜ ਦੇ ਮਿਸ਼ਨ 'ਆਪ੍ਰੇਸ਼ਨ ਵਿਜੇ' ਨੇ ਭਾਰਤ ਲਈ ਅੰਤਮ ਸਫਲਤਾ ਪ੍ਰਾਪਤ ਕੀਤੀ। ਕਾਰਗਿਲ ਵਿਜੇ ਦਿਵਸ ਹਰ ਸਾਲ 26 ਜੁਲਾਈ ਨੂੰ ਹਰ ਭਾਰਤੀ ਦੁਆਰਾ ਮਨਾਇਆ ਜਾਂਦਾ ਹੈ। ਇਹ ਦਿਨ 1999 ਦੀ ਕਾਰਗਿਲ ਜੰਗ ਦੇ ਸ਼ਹੀਦਾਂ ਨੂੰ ਸਮਰਪਿਤ ਹੈ। ਕਾਰਗਿਲ ਵਿਜੇ ਦਿਵਸ ਕਾਰਗਿਲ ਯੁੱਧ ਵਿੱਚ ਭਾਰਤੀ ਫੌਜ ਦੀ ਜਿੱਤ ਦਾ ਚਿੰਨ੍ਹ ਹੈ।

ਕਾਰਗਿਲ ਜੰਗ 1999 ਵਿੱਚ ਪਾਕਿਸਤਾਨੀ ਸੈਨਿਕਾਂ ਦੁਆਰਾ ਸ਼ੁਰੂ ਕੀਤੀ ਗਈ ਸੀ ਜੋ ਕਾਰਗਿਲ ਜ਼ਿਲ੍ਹੇ ਵਿੱਚ ਘੁਸਪੈਠ ਕਰ ਗਏ ਸਨ। ਕਾਰਗਿਲ ਵਿਜੇ ਦਿਵਸ ਨੂੰ ਸੈਂਕੜੇ ਬਹਾਦਰ ਭਾਰਤੀ ਸੈਨਿਕਾਂ ਦੀ ਸ਼ਹਾਦਤ ਨੂੰ ਯਾਦ ਕਰਨ ਦਾ ਦਿਨ ਮੰਨਿਆ ਜਾਂਦਾ ਹੈ।

ਕਾਰਗਿਲ ਵਿਜੇ ਦਿਵਸ ਉਹ ਦਿਨ ਹੈ ਜਿਸ ਦਿਨ ਭਾਰਤੀ ਫੌਜ ਨੇ 1999 ਵਿਚ ਪਾਕਿਸਤਾਨੀ ਫੌਜ ਦੇ ਖਿਲਾਫ ਜੰਗ ਜਿੱਤੀ ਸੀ। 26 ਜੁਲਾਈ ਨੂੰ, ਭਾਰਤੀ ਫੌਜ ਨੇ ਪਾਕਿਸਤਾਨੀ ਫੌਜ ਦੇ ਕਬਜ਼ੇ ਵਾਲੀਆਂ ਸਾਰੀਆਂ ਭਾਰਤੀ ਚੌਕੀਆਂ 'ਤੇ ਮੁੜ ਕਬਜ਼ਾ ਕਰ ਲਿਆ। ਉਦੋਂ ਤੋਂ, ਇਹ ਦਿਨ ਹਰ ਸਾਲ ਕਾਰਗਿਲ ਯੁੱਧ ਵਿੱਚ ਭਾਰਤੀ ਸੈਨਿਕਾਂ ਦੇ ਯਤਨਾਂ ਅਤੇ ਕੁਰਬਾਨੀਆਂ ਨੂੰ ਯਾਦ ਕਰਨ ਲਈ ਮਨਾਇਆ ਜਾਂਦਾ ਹੈ।

ਕਾਰਗਿਲ ਯੁੱਧ ਭਾਰਤੀ ਫੌਜ ਦੁਆਰਾ ਲੜੀਆਂ ਗਈਆਂ ਮਹਾਨ ਜੰਗਾਂ ਵਿੱਚੋਂ ਇੱਕ ਹੈ। ਜੰਮੂ-ਕਸ਼ਮੀਰ ਦੇ ਕਾਰਗਿਲ ਜ਼ਿਲ੍ਹੇ 'ਚ ਮਈ ਅਤੇ ਜੁਲਾਈ 1999 ਦਰਮਿਆਨ ਜੰਗ ਹੋਈ। ਕਾਰਗਿਲ ਯੁੱਧ ਭਾਰਤੀ ਫੌਜ ਦੁਆਰਾ ਪਾਕਿਸਤਾਨ ਨਾਲ ਲੜੀਆਂ ਗਈਆਂ ਚਾਰ ਵੱਡੀਆਂ ਜੰਗਾਂ ਵਿੱਚੋਂ ਆਖਰੀ ਸੀ। ਬਾਕੀ ਤਿੰਨ ਜੰਗਾਂ 1947 ਦੀ ਪਹਿਲੀ ਕਸ਼ਮੀਰ ਜੰਗ, 1965 ਦੀ ਭਾਰਤ-ਪਾਕਿਸਤਾਨ ਜੰਗ ਅਤੇ 1971 ਦੀ ਭਾਰਤ-ਪਾਕਿਸਤਾਨ ਜੰਗ ਹਨ। ਕਾਰਗਿਲ ਯੁੱਧ ਵਿਚ ਦੋਹਾਂ ਦੇਸ਼ਾਂ ਵਿਚਕਾਰ ਲੜਾਈ ਬਹੁਤ ਲੰਬੀ ਲੜਾਈ ਸੀ, ਅਤੇ ਇਸ ਦਾ ਦੋਵਾਂ 'ਤੇ ਬਹੁਤ ਪ੍ਰਭਾਵ ਪਿਆ ਸੀ।

ਬਰੌਕ ਚਿਸ਼ੋਲਮ ਦੁਆਰਾ ਕਹੇ ਸ਼ਬਦਾਂ ਵਾਂਗ, "ਕੋਈ ਵੀ ਜੰਗ ਨਹੀਂ ਜਿੱਤਦਾ। ਇਹ ਸੱਚ ਹੈ, ਹਾਰ ਦੀਆਂ ਡਿਗਰੀਆਂ ਹੁੰਦੀਆਂ ਹਨ, ਪਰ ਕੋਈ ਨਹੀਂ ਜਿੱਤਦਾ।" ਕਿਸੇ ਵੀ ਹੋਰ ਜੰਗ ਵਾਂਗ, ਕਾਰਗਿਲ ਯੁੱਧ ਦਾ ਨਤੀਜਾ ਵੀ ਵਿਨਾਸ਼ਕਾਰੀ ਸੀ। ਕਈ ਮਾਪਿਆਂ ਨੇ ਆਪਣੇ ਪੁੱਤਰ ਗੁਆ ਦਿੱਤੇ, ਕਈ ਬੱਚਿਆਂ ਨੇ ਆਪਣੇ ਪਿਤਾ ਗੁਆ ਦਿੱਤੇ, ਕਈ ਪਤਨੀਆਂ ਨੇ ਆਪਣੇ ਪਤੀ ਗੁਆ ਦਿੱਤੇ, ਕਈਆਂ ਨੇ ਆਪਣੇ ਚੰਗੇ ਦੋਸਤ ਗੁਆ ਦਿੱਤੇ, ਅਤੇ ਭਾਰਤ ਨੇ ਕਈ ਬਹਾਦਰ ਸੈਨਿਕਾਂ ਨੂੰ ਗੁਆ ਦਿੱਤਾ। ਆਓ ਅਸੀਂ ਆਪਣੇ ਉਨ੍ਹਾਂ ਬਹਾਦਰ ਸੈਨਿਕਾਂ ਨੂੰ ਸਲਾਮ ਕਰੀਏ ਜਿਨ੍ਹਾਂ ਨੇ ਦੁਸ਼ਮਣਾਂ ਤੋਂ ਸਾਡੀਆਂ ਜਾਨਾਂ ਬਚਾਉਣ ਲਈ ਆਪਣੇ ਆਪ ਨੂੰ ਸਮਰਪਿਤ ਕੀਤਾ।



ਮਈ 1999 ਵਿਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਕਾਰਗਿਲ ਯੁੱਧ ਛਿੜ ਗਿਆ ਅਤੇ ਸੱਠ ਦਿਨਾਂ ਤੱਕ ਦੇਸ਼ਾਂ ਵਿਚਕਾਰ ਤਿੱਖੀ ਲੜਾਈ ਜਾਰੀ ਰਹੀ। 26 ਜੁਲਾਈ ਨੂੰ, ਜੰਗ ਨੂੰ ਅਧਿਕਾਰਤ ਤੌਰ 'ਤੇ ਖਤਮ ਕਰਨ ਦਾ ਐਲਾਨ ਕੀਤਾ ਗਿਆ ਸੀ, ਜਿਸ ਨਾਲ ਭਾਰਤੀ ਫੌਜ ਨੇ ਜਿੱਤ ਦਰਜ ਕੀਤੀ ਸੀ। ਇਹ ਪਹਿਲੀ ਵਾਰ ਕਾਰਗਿਲ ਜ਼ਿਲ੍ਹੇ ਦੇ ਸਥਾਨਕ ਚਰਵਾਹਿਆਂ ਦੁਆਰਾ 3 ਮਈ 1999 ਨੂੰ ਜੰਮੂ ਅਤੇ ਕਸ਼ਮੀਰ ਦੇ ਲੱਦਾਖ ਦੇ ਨੇੜੇ ਦੇ ਖੇਤਰਾਂ ਵਿੱਚ ਪਾਕਿਸਤਾਨੀ ਘੁਸਪੈਠੀਆਂ ਦੀ ਮੌਜੂਦਗੀ ਦੀ ਰਿਪੋਰਟ ਕੀਤੀ ਗਈ ਸੀ। ਚਰਵਾਹੇ ਦੇ ਸੰਦੇਸ਼ ਨੇ ਭਾਰਤੀ ਸਿਪਾਹੀਆਂ ਨੂੰ ਰਿਪੋਰਟ ਕੀਤੇ ਖੇਤਰਾਂ ਦੇ ਨਾਲ ਗਸ਼ਤ ਯੂਨਿਟ ਬਣਾਉਣ ਲਈ ਪ੍ਰੇਰਿਆ।

ਬਾਅਦ ਵਿੱਚ ਮਈ ਵਿੱਚ, ਪਾਕਿਸਤਾਨ ਨੇ ਜਵਾਬੀ ਗੋਲੀਬਾਰੀ ਦੀ ਉਮੀਦ ਵਿੱਚ ਭਾਰਤ 'ਤੇ ਗੋਲੀਬਾਰੀ ਕੀਤੀ। ਰਣਨੀਤੀ ਭਾਰਤੀ ਸੈਨਿਕਾਂ ਨੂੰ ਲੜਾਈ ਵਿਚ ਸਰਗਰਮੀ ਨਾਲ ਸ਼ਾਮਲ ਕਰਨ ਦੀ ਸੀ ਤਾਂ ਜੋ ਪਾਕਿਸਤਾਨੀ ਫੌਜ ਆਸਾਨੀ ਨਾਲ ਭਾਰਤੀ ਖੇਤਰਾਂ 'ਤੇ ਹਮਲਾ ਕਰ ਸਕੇ। ਭਾਰੀ ਗੋਲਾਬਾਰੀ ਦੇ ਨਤੀਜੇ ਵਜੋਂ, ਭਾਰਤੀ ਫੌਜ ਕੋਲ ਇਸ ਨਾਲ ਲੜਨ ਤੋਂ ਇਲਾਵਾ ਕੋਈ ਵਿਕਲਪ ਨਹੀਂ ਸੀ; ਪਾਕਿਸਤਾਨੀ ਘੁਸਪੈਠੀਆਂ ਨੇ ਸਥਿਤੀ ਦਾ ਫਾਇਦਾ ਉਠਾਉਂਦੇ ਹੋਏ ਦਰਾਸ, ਮੁਸ਼ਕੋਹ ਅਤੇ ਕੱਸਰ ਸੈਕਟਰਾਂ 'ਤੇ ਹਮਲਾ ਕਰ ਦਿੱਤਾ।

ਪਾਕਿਸਤਾਨੀ ਫੌਜ ਦੀ ਸ਼ਮੂਲੀਅਤ ਦਾ ਖੁਲਾਸਾ ਕਰਨ ਵਾਲੇ ਦਸਤਾਵੇਜ਼ ਭਾਰਤੀ ਫੌਜ ਨੇ ਜੂਨ ਦੇ ਸ਼ੁਰੂ ਵਿੱਚ ਜਾਰੀ ਕੀਤੇ ਸਨ। ਪਾਕਿਸਤਾਨੀ ਫੌਜ ਨੇ ਦਾਅਵਾ ਕੀਤਾ ਕਿ ਘੁਸਪੈਠ "ਕਸ਼ਮੀਰੀ ਆਜ਼ਾਦੀ ਘੁਲਾਟੀਆਂ" ਦੁਆਰਾ ਕੀਤੀ ਗਈ ਸੀ, ਜੋ ਬਾਅਦ ਵਿੱਚ ਗੰਜੇ ਸਾਬਤ ਹੋਏ ਸਨ। ਯੁੱਧ ਦੀ ਸ਼ੁਰੂਆਤ ਦੌਰਾਨ ਲੜਾਈ ਭਾਰਤੀ ਫੌਜ ਲਈ ਬਹੁਤ ਵਿਰੋਧੀ ਸੀ ਕਿਉਂਕਿ ਪਾਕਿਸਤਾਨੀ ਸੈਨਿਕਾਂ ਅਤੇ ਅੱਤਵਾਦੀਆਂ ਨੇ ਉਸ ਖੇਤਰ ਦੇ ਮੁੱਖ ਟਿਕਾਣਿਆਂ 'ਤੇ ਆਪਣੇ ਆਪ ਨੂੰ ਤਾਇਨਾਤ ਕੀਤਾ ਸੀ।

ਪਹਾੜੀ ਖੇਤਰ, ਠੰਡੇ ਮੌਸਮ ਅਤੇ ਬਹੁਤ ਉਚਾਈ ਵਰਗੀਆਂ ਪ੍ਰਤੀਕੂਲ ਵਾਤਾਵਰਣਕ ਸਥਿਤੀਆਂ ਨੇ ਪਾਕਿਸਤਾਨੀ ਫੌਜ ਨੂੰ ਰਣਨੀਤਕ ਲਾਭ ਪ੍ਰਦਾਨ ਕੀਤਾ। ਪਰ ਫਿਰ ਵੀ ਸਾਡੇ ਬਹਾਦਰ ਸੂਰਮੇ ਪਾਕਿਸਤਾਨੀ ਸੈਨਿਕਾਂ ਤੋਂ ਬਹੁਤ ਸਾਰੀਆਂ ਪੋਸਟਾਂ ਹਾਸਲ ਕਰਨ ਵਿੱਚ ਕਾਮਯਾਬ ਰਹੇ। 4 ਜੁਲਾਈ ਨੂੰ, 11 ਘੰਟੇ ਦੀ ਲੰਬੀ ਲੜਾਈ ਤੋਂ ਬਾਅਦ, ਭਾਰਤੀ ਫੌਜ ਨੇ ਟਾਈਗਰ ਹਿੱਲ 'ਤੇ ਕਬਜ਼ਾ ਕਰ ਲਿਆ, ਅਤੇ ਅਗਲੇ ਦਿਨ, ਉਨ੍ਹਾਂ ਨੇ ਦਰਾਸ 'ਤੇ ਮੁੜ ਕਬਜ਼ਾ ਕਰ ਲਿਆ। ਟਾਈਗਰ ਹਿੱਲ ਅਤੇ ਦਰਾਸ ਉੱਤੇ ਮੁੜ ਕਬਜ਼ਾ ਕਰਨ ਨੇ ਯੁੱਧ ਨੂੰ ਇੱਕ ਵੱਡੀ ਸਫਲਤਾ ਬਣਾ ਦਿੱਤੀ।

ਬਾਅਦ ਵਿੱਚ, 5 ਜੁਲਾਈ ਨੂੰ, ਪਾਕਿਸਤਾਨ ਨੇ ਫੌਜਾਂ ਨੂੰ ਵਾਪਸ ਬੁਲਾਉਣ ਦਾ ਐਲਾਨ ਕੀਤਾ, ਅਤੇ ਫੋਰਸ ਨੇ 11 ਜੁਲਾਈ ਨੂੰ ਆਪਣੀ ਵਾਪਸੀ ਸ਼ੁਰੂ ਕੀਤੀ। ਕਾਰਗਿਲ ਯੁੱਧ ਨੂੰ ਦਿੱਤਾ ਗਿਆ ਕੋਡਨੇਮ ਓਪਰੇਸ਼ਨ ਵਿਜੇ ਸੀ। 14 ਜੁਲਾਈ ਨੂੰ ਭਾਰਤ ਦੇ ਤਤਕਾਲੀ ਪ੍ਰਧਾਨ ਮੰਤਰੀ ਏ ਬੀ ਵਾਜਪਾਈ ਨੇ ਜੰਗ ਵਿੱਚ ਭਾਰਤੀ ਫੌਜਾਂ ਦੀ ਸਫਲਤਾ ਦਾ ਐਲਾਨ ਕੀਤਾ ਸੀ। ਸਾਰੇ ਪਾਕਿਸਤਾਨੀ ਘੁਸਪੈਠੀਆਂ ਨੂੰ ਸਾਡੇ ਦੇਸ਼ ਵਿੱਚੋਂ ਬਾਹਰ ਕੱਢ ਦਿੱਤਾ ਗਿਆ ਸੀ, ਅਤੇ ਯੁੱਧ ਅਧਿਕਾਰਤ ਤੌਰ 'ਤੇ 26 ਜੁਲਾਈ ਨੂੰ ਖਤਮ ਹੋ ਗਿਆ ਸੀ।

ਪਰ ਇਹ ਜੰਗ ਸਾਨੂੰ ਕੈਪਟਨ ਵਿਕਰਮ ਬੱਤਰਾ ਦੀ ਯਾਦ ਦਿਵਾਉਂਦੀ ਹੈ। ਗੰਭੀਰ ਸੱਟਾਂ ਝੱਲਣ ਦੇ ਬਾਵਜੂਦ, ਉਹ ਦੁਸ਼ਮਣ ਵੱਲ ਵਧਿਆ ਅਤੇ ਆਪਣੀ ਨਿੱਜੀ ਸੁਰੱਖਿਆ ਲਈ ਪੂਰੀ ਤਰ੍ਹਾਂ ਅਣਗਹਿਲੀ ਨਾਲ ਸਥਿਤੀ ਨੂੰ ਸਾਫ਼ ਕਰ ਦਿੱਤਾ, ਗ੍ਰਨੇਡ ਸੁੱਟੇ, ਸਾਹਮਣੇ ਤੋਂ ਅੱਗੇ ਵਧੇ, ਆਪਣੇ ਜਵਾਨਾਂ ਨੂੰ ਲਾਮਬੰਦ ਕੀਤਾ ਅਤੇ ਹਮਲੇ ਨੂੰ ਲਗਭਗ ਅਸੰਭਵ ਦਬਾ ਦਿੱਤਾ। ਪਰ ਅੰਤ ਵਿੱਚ ਦੁਸ਼ਮਣ ਦੀ ਭਾਰੀ ਗੋਲਾਬਾਰੀ ਦਾ ਸਾਹਮਣਾ ਕਰਦੇ ਹੋਏ ਭਾਰਤ ਮਾਤਾ ਦਾ ਇਹ ਪਿਆਰਾ ਸ਼ਹੀਦ ਹੋ ਗਿਆ।

ਉਸ ਦੇ ਸਾਹਸ ਤੋਂ ਪ੍ਰੇਰਿਤ ਹੋ ਕੇ, ਉਸਦੀ ਫੌਜ ਬਦਲੇ ਦੀ ਭਾਵਨਾ ਨਾਲ ਦੁਸ਼ਮਣ 'ਤੇ ਡਿੱਗ ਪਈ, ਉਨ੍ਹਾਂ ਨੂੰ ਤਬਾਹ ਕਰ ਦਿੱਤਾ ਅਤੇ ਪੁਆਇੰਟ 4875 'ਤੇ ਕਬਜ਼ਾ ਕਰ ਲਿਆ। ਇਸ ਤਰ੍ਹਾਂ, ਕੈਪਟਨ ਵਿਕਰਮ ਬੱਤਰਾ ਨੇ ਦੁਸ਼ਮਣ ਦਾ ਸਾਹਮਣਾ ਕਰਨ ਲਈ ਸਭ ਤੋਂ ਵਿਲੱਖਣ ਨਿੱਜੀ ਬਹਾਦਰੀ ਅਤੇ ਉੱਚ ਪੱਧਰ ਦੀ ਅਗਵਾਈ ਦਾ ਪ੍ਰਦਰਸ਼ਨ ਕੀਤਾ ਅਤੇ ਕੁਰਬਾਨੀ ਦੀ ਪਰੰਪਰਾ ਨੂੰ ਭਾਰਤੀ ਫੌਜ ਦੀਆਂ ਸਰਵਉੱਚ ਪਰੰਪਰਾਵਾਂ ਵਿੱਚ ਸਰਵਉੱਚ ਬਣਾਇਆ। ,

ਉਸਨੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਕਿਹਾ - "ਜਾਂ ਤਾਂ ਮੈਂ ਤਿਰੰਗਾ ਲਹਿਰਾ ਕੇ ਵਾਪਸ ਆਵਾਂਗਾ, ਜਾਂ ਮੈਂ ਇਸ ਵਿੱਚ ਲਪੇਟ ਕੇ ਵਾਪਸ ਆਵਾਂਗਾ, ਪਰ ਮੈਂ ਜ਼ਰੂਰ ਵਾਪਸ ਆਵਾਂਗਾ"। ਕਾਰਗਿਲ ਜੰਗ ਦੇ ਸ਼ਹੀਦ ਕੈਪਟਨ ਬੱਤਰਾ ਨੂੰ 15 ਅਗਸਤ 1999 ਨੂੰ ਪਰਮਵੀਰ ਚੱਕਰ ਨਾਲ ਸਨਮਾਨਿਤ ਕੀਤਾ ਗਿਆ ਸੀ। ਇਹ ਪੁਰਸਕਾਰ 26 ਜਨਵਰੀ 2000 ਨੂੰ ਗਣਤੰਤਰ ਦਿਵਸ ਪਰੇਡ ਦੌਰਾਨ ਰਾਸ਼ਟਰਪਤੀ ਕੇਆਰ ਨਰਾਇਣਨ ਦੁਆਰਾ ਉਨ੍ਹਾਂ ਦੇ ਪਿਤਾ ਦੁਆਰਾ ਪ੍ਰਾਪਤ ਕੀਤਾ ਗਿਆ ਸੀ। ਕੈਪਟਨ ਬੱਤਰਾ ਆਪਣੀ ਬਹਾਦਰੀ ਅਤੇ ਬਹਾਦਰੀ ਲਈ ਪੂਰੇ ਦੇਸ਼ ਵਿੱਚ ਜਾਣਿਆ ਜਾਂਦਾ ਹੈ। ਪੁਆਇੰਟ 4875 'ਤੇ ਕਬਜ਼ਾ ਕਰਨ ਵਿਚ ਉਸ ਦੀ ਭੂਮਿਕਾ ਨੂੰ ਦੇਖਦੇ ਹੋਏ ਪਹਾੜ ਨੂੰ ਬੱਤਰਾ ਟਾਪ ਦਾ ਨਾਂ ਦਿੱਤਾ ਗਿਆ ਹੈ।

ਇਸ ਜੰਗ ਵਿੱਚ ਭਾਵੇਂ ਭਾਰਤ ਦੀ ਜਿੱਤ ਹੋਈ ਸੀ, ਪਰ ਅਸੀਂ 527 ਸਾਹਸੀ ਜਾਨਾਂ ਗੁਆ ਦਿੱਤੀਆਂ ਅਤੇ 1363 ਫੌਜੀ ਜੰਗ ਵਿੱਚ ਜ਼ਖਮੀ ਹੋਏ। ਉਨ੍ਹਾਂ ਬਹਾਦਰੀ ਦੀਆਂ ਕੁਰਬਾਨੀਆਂ ਨੂੰ ਕੌਣ ਨਜ਼ਰਅੰਦਾਜ਼ ਕਰ ਸਕਦਾ ਹੈ? ਆਓ ਉਨ੍ਹਾਂ ਦੇ ਸਬਰ ਨੂੰ ਯਾਦ ਕਰੀਏ ਅਤੇ ਉਨ੍ਹਾਂ ਦੇ ਸ਼ੁਕਰਗੁਜ਼ਾਰ ਹੋਈਏ।

*-ਸਤਿਆਵਾਨ 'ਸੌਰਭ'*
*ਰਿਸਰਚ ਸਕਾਲਰ, ਕਵੀ।*
*333, ਪਰੀ ਵਾਟਿਕਾ, ਕੌਸ਼ਲਿਆ ਭਵਨ, ਬਰਵਾ (ਸਿਵਾਨੀ)*
*ਭਿਵਾਨੀ, ਹਰਿਆਣਾ*
*(9466526148)*

# ਸ਼੍ਰੋਮਣੀ ਅਕਾਲੀ ਦਲ (ਬਾਦਲ) ਦਾ ਮੁੜ ਸੰਭਲਣਾ ਹੋਇਆ ਮੁਸ਼ਕਲ

## ਖਤਮ ਹੋ ਰਿਹੈ ਬਾਦਲ ਪਰਿਵਾਰ ਦਾ ਕਰਿਸ਼ਮਾ



ਲੰਘੇ 25 ਸਾਲਾਂ ਵਿਚੋਂ ਪੰਜਾਬ ਤੇ 15 ਸਾਲ ਰਾਜ ਕਰਨ ਵਾਲਾ ਸ਼੍ਰੋਮਣੀ ਅਕਾਲੀ ਦਲ (ਬਾਦਲ) ਆਪਣੇ ਸਭ ਤੋਂ ਮਾੜੇ ਦੌਰ ਵਿਚੋਂ ਗੁਜਰ ਰਿਹੈ। ਇਸ ਨੂੰ ਝਟਕੇ ਤੇ ਝੱਟਕਾ ਲੱਗ ਰਿਹੈ। ਕਿਸੇ ਪਾਰਟੀ ਦੀ ਸਭ ਤੋ ਮਾੜੀ ਹਾਲਤ ਉਦੋਂ ਸਮਝੀ ਜਾਂਦੀ ਹੈ ਜਦੋਂ ਪਾਲਿਸੀ ਮਾਮਲਿਆਂ ਤੇ ਹਾਈ ਕਮਾਨ ਦੇ ਫੈਸਲਿਆਂ ਨੂੰ ਕੋਈ ਵਧਾਇਕ ਜਾਂ ਸਾਂਸਦ ਟਿੱਚ ਜਾਣਕੇ ਮੰਨਣ ਤੋਂ ਇਨਕਾਰ ਕਰ ਦੇਵੇ ਅਤੇ ਪਾਰਟੀ ਉਸ ਖਿਲਾਫ ਕਾਰਵਾਈ ਕਰਨ ਦੀ ਜੁਰਅਤ ਨਾਂ ਕਰ ਸਕੇ। ਅਜੇਹਾ ਹੀ ਬੀਤੇ ਦਿਨ ਦੇਸ਼ ਦੇ ਅਗਲੇ ਰਾਸ਼ਟਰਪਤੀ ਉਮੀਦਵਾਰ ਦ੍ਰੌਪਦੀ ਮੁਰਮੂ ਦੀ ਚੋਣ ਲਈ ਵੋਟਿੰਗ ਸਮੇਂ ਅਕਾਲੀ ਦਲ ਦੇ ਵਿਧਾਇਕ ਅਤੇ ਵਿਧਾਨ ਸਭਾ ਗਰੁਪ ਦੇ ਲੀਡਰ ਮਨਪ੍ਰੀਤ ਸਿੰਘ ਇਆਲੀ ਪਾਰਟੀ ਲਾਈਨ ਤੇ ਵੋਟ ਪਾਉਣ ਤੋਂ ਮੁਨਕਰ ਹੋ ਗਏ। ਇਯਾਲੀ ਨੇ ਭਾਜਪਾ ਖਿਲਾਫ ਭੜਾਸ ਕੱਢਦੇ ਸੂਬੇ ਦਾ ਇਕ ਵੀ ਮਸਲਾ ਹੱਲ ਨਾਂ ਕਰਨ ਦਾ ਸਵਾਲ ਉਠਾਇਆ ਅਤੇ ਕਿਹਾ ਕਿ ਲੀਡਰਸ਼ਿਪ ਨੇ ਹਮਾਇਤ ਦੇਣ ਲਈ ਉਨਾਂ ਦੀ ਰਾਏ ਨਹੀਂ ਲਈ। ਇਯਾਲੀ ਰਾਜਸੀ ਹਲਕਿਆਂ ਵਿਚ ਇਕ ਚੰਗੇ ਅਕਸ਼ ਵਾਲੇ ਲੀਡਰ ਨੇ। ਉਨਾਂ 2022 ਦੀਆਂ ਚੋਣਾਂ ਵਿਚ ਪਾਰਟੀ ਦੀ ਸ਼ਰਮਨਾਕ ਹਾਰ ਦੇ ਕਾਰਨਾਂ ਦੀ ਸਮੀਖਿਆ ਲਈ ਬਣਾਈ ਇਕਬਾਲ ਸਿੰਘ ਝੂੰਦਾ ਅਧਾਰਿਤ ਕਮੇਟੀ ਦੀ ਪੜਤਾਲ ਰਿਪੋਰਟ ਨੂੰ ਅਣਗੋਲਿਆਂ ਕਰਨ ਤੇ ਵੀ ਸਵਾਲ ਉਠਾਏ। ਇਯਾਲੀ ਵਿਧਾਨ ਸਭਾ ਵਿਚ ਪਾਰਟੀ ਦੇ 3 ਮੈਂਬਰੀ ਗਰੁੱਪ ਦੇ ਲੀਡਰ ਨੇ। ਵਿਧਾਨ ਸਭਾ ਇਜਲਾਸ ਵਿਚ ਅੱਛੇ ਕੰਮਾਂ ਤੇ ਸੱਤਾਧਾਰੀ ਪਾਰਟੀ ਦੀ ਸੁਰ ਵਿਚ ਸੁਰ ਮਿਲਾਉਂਦੇ ਦਿਸੇ ਸਨ। ਸੁਖਬੀਰ ਬਾਦਲ ਦੇ ਕਰੀਬੀ ਸਮਝੇ ਜਾਂਦੇ ਇਯਾਲੀ ਦੀ ਪਹਿਲ ਨਾਲ ਵਿੱਸ ਘੋਲ ਰਹੇ ਆਗੂਆਂ ਨੂੰ ਆਵਾਜ਼ ਜਰੂਰ ਮਿਲੀ ਹੈ। ਇਯਾਲੀ ਖਿਲਾਫ ਕਾਰਵਾਈ ਨਾਂ ਹੋਣ ਪਿੱਛੇ ਲੀਡਰਸ਼ਿਪ ਦਾ ਡਰ ਸਾਫ ਝਲਕਦੈ। ਸੰਗਰੂਰ ਲੋਕ ਸਭਾ ਜਿਮਨੀ ਚੋਣ ਵਿਚ ਪਾਰਟੀ ਵਲੋਂ ਕਿਸੇ ਟਕਸਾਲੀ ਲੀਡਰ ਨੂੰ ਉਮੀਦਵਾਰ ਨਾ ਬਣਾਉਣ ਦੀ ਨੁਕਤਾਚੀਨੀ ਹੁੰਦੀ ਰਹੀ ਹੈ, ਜੋ ਹੁਣ ਖੁੱਲ ਕੇ ਬਾਹਰ ਆਈ ਹੈ। ਪਾਰਟੀ ਉਮੀਦਵਾਰ ਕਮਲਦੀਪ ਕੌਰ ਰਾਜੋਆਣਾ ਨੂੰ ਸਿਰਫ 6% ਵੋਟਾਂ ਹੀ ਮਿਲੀਆਂ ਅਤੇ ਜਮਾਨਤ ਵੀ ਜਬਤ ਹੋ ਗਈ। ਉਹ ਰਵਾਇਤੀ ਪਾਰਟੀਆਂ ਵਿਚੋਂ ਫਾਡੀ ਰਹਿੰਦੀ ਪੰਜਵੇਂ ਸਥਾਨ ਤੇ ਆਈ। ਇਹ ਅਕਾਲੀ ਦਲ ਲਈ ਹੁਣ ਤਕ ਦੀ ਸਭ ਤੋਂ ਨਿਮੋਸ਼ੀ ਵਾਲੀ ਹਾਰ ਸਾਬਿਤ ਹੋਈ। ਪਾਰਟੀ ਲੀਡਰਸ਼ਿਪ ਨੇ ਫਿਰ ਵੀ ਜਿੰਮਵਾਰੀ ਨਹੀਂ ਕਬੂਲੀ। ਬੀਤੇ ਦਿਨ ਦਿੱਲੀ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਦੇ ਮੁੱਦੇ ਤੇ ਪਾਰਲੀਮੈਂਟ ਦੇ ਬਾਹਰ ਰੋਸ ਪ੍ਰਦਰਸ਼ਨ ਅਤੇ ਜੰਤਰ ਮੰਤਰ ਤੇ ਪੰਥਕ ਧਿਰਾਂ ਨਾਲ ਧਰਨੇ ਤੋਂ ਵੀ ਪਾਰਟੀ ਦੀ ਸੋਸ਼ੇਬਾਜੀ ਦੀ ਖਿਲੀ ਉਡਦੀ ਦਿਸੀ। ਬੀਜੇਪੀ ਨਾਲ ਭਾਈਵਾਲੀ ਸਮੇਂ ਬਾਦਲ ਪਰਵਾਰ ਤੇ ਇਸ ਮਸਲੇ ਨੂੰ ਨਾਂ ਚੁੱਕਣ ਤੇ ਵੀ ਸਵਾਲ ਉਠੇ। ਦਿੱਲੀ ਧਰਨੇ ਵਿਚ ਮਨਜੀਤ ਸਿੰਘ ਜੀ ਕੇ, ਪਰਮਜੀਤ ਸਿੰਘ ਸਰਨਾ ਸਮੇਤ ਦੂਜੇ ਅਕਾਲੀ ਦਲਾਂ ਦੇ ਆਗੂ ਤਾਂ ਮੌਜੂਦ ਰਹੇ, ਪਰ ਅਕਾਲੀ ਦਲ (ਬਾਦਲ) ਦੇ ਬਹੁਤੇ ਲੀਡਰ ਪਾਰਟੀ ਆਦੇਸ਼ ਦੇ ਬਾਵਜੂਦ ਗੈਰ ਹਾਜਰ ਰਹੇ। ਇਸ ਸਮੇਂ ਬਾਦਲ ਪਰਵਾਰ ਦੀ ਪਾਰਟੀ ਤੇ ਪਕੜ ਬਹੁਤ ਕੰਮਜ਼ੋਰ ਪੈ ਚੁੱਕੀ ਹੈ। ਸੁਖਬੀਰ ਬਾਦਲ ਦੀ ਅਗਵਾਈ ਵਿਚ 2017 ਦੀਆਂ ਚੋਣਾਂ ਵਿਚ ਪਾਰਟੀ ਨੂੰ ਨਿਮੋਸ਼ੀ ਭਰੀ ਹਾਰ ਪਿੱਛੋਂ ਪਾਰਟੀ ਦਾ ਗਰਾਫ ਨੀਚੇ ਸਰਕਦਾ ਗਿਐ। 2019 ਲੋਕ ਸਭਾ ਚੋਣਾਂ ਵਿਚ ਵੀ ਮੋਦੀ ਦੀ ਹਨੇਰੀ ਦੇ ਬਾਵਜੂਦ ਅਕਾਲੀ ਦਲ ਸੁਖਬੀਰ ਬਾਦਲ ਅਤੇ ਹਰਸਿਮਰਤ ਬਾਦਲ ਵਾਲੀਆਂ ਸਿਰਫ ਦੋ ਸੀਟਾਂ ਹੀ ਜਿੱਤ ਸਕਿਆ। ਬੀਜੇਪੀ ਤੋਂ ਵੱਖ ਹੋ ਕੇ ਲੜੀਆਂ ਪਿੱਛਲੀਆਂ ਵਿਧਾਨ ਸਭਾ ਚੋਣਾਂ ਵਿਚ ਤਾਂ ਪਾਰਟੀ ਬੀਐਸਪੀ ਨਾਲ ਗੱਠਜੋੜ ਦੇ ਬਾਵਜੂਦ ਸਿਰਫ 3 ਸੀਟਾਂ ਹੀ ਜਿੱਤ ਸਕੀ। ਅਕਾਲੀ ਦਲ ਦੇ ਸਭ ਤੋਂ ਮਜਬੂਤ ਥੰਮ 5 ਵਾਰ ਦੇ ਸਾਬਕਾ ਮੁੱਖ ਮੰਤਰੀ ਪਰਕਾਸ਼ ਸਿੰਘ ਬਾਦਲ, ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਸਮੇਤ ਸਾਰੇ ਸੀਨੀਅਰ ਲੀਡਰ ਵੀ ਲੁੱਟਕ ਗਏ। ਪਾਰਟੀ ਪ੍ਰਧਾਨ ਨੇ ਹਾਰ ਦੀ ਜਿੰਮੇਵਾਰੀ ਕਬੂਲ ਕੇ ਅਗਵਾਈ ਕਿਸੇ ਹੋਰ ਯੋਗ ਆਗੂ ਨੂੰ ਸੌਂਪਣ ਦੀ ਬਜਾਏ ਬੰਦੀ ਸਿੰਘ ਦੇ ਮੁੱਦੇ ਤੇ ਰਾਜਨੀਤੀ ਸ਼ੁਰੂ ਕਰ ਦਿੱਤੀ। ਬਾਦਲ ਪਰਵਾਰ ਦੀ ਅਗਵਾਈ ਵਿਚ ਪਾਰਟੀ ਸ਼੍ਰੋਮਣੀ ਕੇਮੇਟੀ ਤੇ ਸਿਧੇ ਕੰਟਰੋਲ ਬੇਆਦਬੀ ਮਾਮਲੇ ਦੇ ਦੋਸ਼ੀਆਂ ਨੂੰ ਬਚਾਉਣ ਕਾਰਨ ਆਪਣਾ ਰਵਾਇਤੀ ਪੰਥਕ ਆਧਾਰ ਗੁਆ ਚੁੱਕੀ ਹੈ। ਖੇਤੀ ਕਨੂੰਨਾਂ ਨੂੰ ਸਹੀ ਦੱਸ ਕੇ ਕਿਸਾਨਾਂ ਦਾ ਗੁੱਸਾ ਵੀ ਸਹੇੜ ਚੁੱਕੀ ਹੈ। ਸੰਗਰੂਰ ਤੋਂ ਕਰਾਰੀ ਹਾਰ ਦੇ ਬਾਵਯੂਦ ਸੁਖਬੀਰ ਬਾਦਲ ਦੇ ਪਾਰਟੀ ਪ੍ਰਧਾਨ ਦੇ ਅਹੁੱਦੇ ਤੇ ਚਿੱਪਕੇ ਰਹਿਣ ਕਾਰਨ ਪਾਰਟੀ ਦੀਆਂ ਸਫਾਂ 'ਚ ਘੋਰ ਨਿਮੋਸ਼ੀ ਦਾ ਆਲਮ ਹੈ। ਲਗਾਤਾਰ ਚਾਰ ਸ਼ਰਮਨਾਕ ਹਾਰਾਂ ਲਈ ਸੁਖਬੀਰ ਬਾਦਲ ਨੂੰ ਜਿੰਮਵਾਰ ਸਮਝਿਆ ਜਾ ਰਿਹੈ। ਰਾਜਨੀਤਕ ਮਾਹਿਰ ਹਾਰਾਂ ਦਾ ਕਾਰਨ ਬਾਦਲ ਪਰਵਾਰ ਵਿਰੁੱਧ ਲੋਕਾਂ ਦਾ ਭੜਕਿਆ ਰੋਹ ਮੰਨਦੇ ਨੇ। ਅਕਾਲੀ ਸਰਕਾਰ ਦੇ 10 ਸਾਲਾਂ ਦੇ ਰਾਜ ਦੌਰਾਨ ਮਾਫੀਆਂ ਰਾਹੀਂ ਲੁੱਟ, ਬੇਅਦਬੀ, ਰਾਮ ਰਹੀਮ ਨੂੰ ਮੁਆਫੀ ਅਤੇ ਨਸ਼ਿਆਂ ਦੇ ਵਪਾਰ ਨੇ ਆਕਾਲੀ ਦਲ ਨੂੰ ਅਰਸ਼ ਤੋਂ ਫਰਸ਼ ਤੇ ਪਟਕਾ ਮਾਰਿਐ। ਇਸ ਵਾਰ ਪਾਰਟੀ ਸਫਾਂ ਵਿਚ ਭੜਕਿਆਂ ਗੁੱਸਾ ਬਗੈਰ ਵੱਡੀ ਕੁਰਬਾਨੀ ਲਏ ਸ਼ਾਂਤ ਹੋਣ ਵਾਲਾ ਨਹੀਂ ਦਿਸਦਾ। ਪਾਰਟੀ ਅੰਦਰ ਝੂੰਦਾ ਕਮੇਟੀ ਦੀ ਰਿਪੋਰਟ 'ਚ ਹਾਰ ਦੇ ਕਾਰਨਾਂ ਅਤੇ ਪਾਰਟੀ ਨੂੰ ਮੁੜ ਉਭਾਰਨ ਲਈ ਦਿੱਤੇ ਸੁਝਾਵਾਂ ਨੂੰ ਤੁਰੰਤ ਪ੍ਰਵਾਨ ਕਰਨ ਲਈ ਤਿੱਖੇ ਸੁਰ ਉਭਰ ਰਹੇ ਨੇ। ਸੁਖਬੀਰ ਬਾਦਲ ਵਲੋਂ ਕਾਂਗਰਸ 'ਚੋਂ ਲਿਆਂਦੇ ਜਗਮੀਤ ਸਿੰਘ ਬਰਾੜ ਨੇ ਬਾਦਲ ਪਰਵਾਰ ਤੋਂ ਛੁਟਕਾਰਾ ਪਾ ਕੇ ਪੰਥਕ ਪਾਰਟੀ ਨੂੰ ਉਭਾਰਨ ਦਾ ਬਿਗਲ ਵਜਾ ਦਿਤੈ। ਦੇਖਦੇ ਦੇਖਦੇ ਬਾਦਲਾਂ ਦੇ ਭੈ ਕਾਰਨ ਸਹਿਮੇ ਲੀਡਰ ਵੀ ਮੂੰਹ ਖੋਲਣ ਲਗੇ ਨੇ। ਬਲਵਿੰਦਰ ਸਿੰਘ ਭੂੰਦੜ, ਸਿੰਘ ਚੰਦੂਮਾਜਰਾ, ਗਰੇਵਾਲ ਅਤੇ ਦਲਜੀਤ ਸਿੰਘ ਚੀਮਾ ਵਰਗੇ ਪਰਵਾਰ ਦੇ ਕੱਟੜ ਹਮਾਇਤੀ ਵੀ ਖੁੱਲ ਕੇ ਬਚਾਅ ਕਰਨ ਦੇ ਸਮੱਰਥ ਨਹੀਂ ਜਾਪਦੇ। ਉਪਰੋਂ ਅਕਾਲ ਤੱਖਤ ਦੇ ਜਥੇਦਾਰ ਨੇ ਵੀ ਸ਼੍ਰੋਮਣੀ ਕਮੇਟੀ ਦੀ ਕੀਤੀ ਜਾ ਚੁੱਕੀ ਦੁਰਦਸ਼ਾ ਤੇ ਗੰਭੀਰ ਸਵਾਲ ਖੜੇ ਕਰ ਦਿੱਤੇ ਨੇ ,ਜਿਸ ਲਈ ਸਿਰਫ ਤੇ ਸਿਰਫ ਬਾਦਲ ਪਰਵਾਰ ਨੂੰ ਹੀ ਜਿੰਮੇਵਾਰ ਮੰਨਿਆ ਜਾਂਦੈ। ਚੋਣ ਕਮਿਸ਼ਨ ਅਤੇ ਗੁਰਦਵਾਰਾ ਕਮਿਸ਼ਨ ਵਿਚ ਦਾਖਲ ਕੀਤੇ ਦੋ ਵੱਖ ਵੱਖ ਪਾਰਟੀ ਸੰਵਿਧਾਨਾਂ ਵਿਰੁਧ ਬਲਵੰਤ ਸਿੰਘ ਖੇੜਾ ਦੇ ਕੇਸ ਤੇ ਮਾਨਯੋਗ ਹਾਈਕੋਰਟ ਨੇ ਚੋਣ ਕਮਿਸ਼ਨ ਤੋਂ ਰਿਪੋਰਟ ਤਲਬ ਕਰ ਲਈ ਹੈ।

ਉਂਝ ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿਚ ਅੱਜ ਵੀ ਮਜਬੂਤ ਆਧਾਰ ਵਾਲੀ ਪਾਰਟੀ ਹੈ। ਵਰਕਰ ਲੀਡਰਸ਼ਿਪ ਤੋਂ ਨਿਰਾਸ਼ ਨੇ, ਪਰ ਪਾਰਟੀ ਦੇ ਮੁੜ ਉਭਰਨ ਦੀ ਪੱਕੀ ਉਮੀਦ ਵਿਚ ਨੇ। ਇਸ ਦੇ ਰਾਜਨੀਤੀ ਦੇ ਹਾਸ਼ੀਏ ਤੇ ਚਲੇ ਜਾਣ ਨਾਲ ਵਿਰੋਧੀ ਧਿਰ ਦੀ ਤਾਕਤ ਕੰਮਜ਼ੋਰ ਪਵੇਗੀ ਅਤੇ ਸੱਤਾਧਾਰੀ ਧਿਰ ਨੂੰ ਮਨਮਾਨੀ ਦਾ ਮੌਕਾ ਮਲੇਗਾ।

ਕੁੱਲ ਮਿਲਾ ਕੇ ਪੰਜਾਬ ਦੀ ਮਜਬੂਤ ਰਾਜਨੀਤਕ ਧਿਰ ਅਕਾਲੀ ਦਲ (ਬਾਦਲ) ਸਾਹਮਣੇ ਇਸ ਸਮੇਂ ਆਪਣੀ ਹੋਂਦ ਦਾ ਸਵਾਲ ਹੈ। ਜੇ ਕਰ ਇਹ ਜਨਤਾ ਦੇ ਰੁੱਖ ਨੂੰ ਸਮਝ ਕੇ ਆਪਣੀ ਲੀਡਰਸ਼ਿਪ ਅਤੇ ਨੀਤੀਆਂ ਵਿਚ ਤਬਦੀਲੀ ਨਹੀਂ ਕਰਦਾ, ਤਾਂ ਫਿਰ ਮੁੱੜ ਤੋ ਸੱਤਾ ਵਿਚ ਪਰਤਣ ਦੇ ਆਸਾਰ ਕਾਫੀ ਮੱਧਮ ਜਾਪਦੇ ਨੇ।

'ਜੋ ਦਿਖਾ, ਸੋ ਲਿਖਾ'

*-ਦਰਸ਼ਨ ਸਿੰਘ ਸ਼ੰਕਰ*
*ਜਿਲ੍ਹਾ ਲੋਕ ਸੰਪਰਕ ਅਫਸਰ*
*(ਰਿਟਾ.)*
*ਫੋਨ: 9915836543*

# ਅਗਨੀਪਥ ਯੋਜਨਾ ਦੇ ਆਰ-ਪਾਰ

ਜਦੋਂ ਇਨਸਾਫ ਪ੍ਰਾਪਤੀ ਦੇ ਸਾਰੇ ਹੀਲੇ-ਵਸੀਲੇ ਫੇਲ੍ਹ ਹੋ ਜਾਣ ਤਾਂ ਪੀੜਤ ਇਨਸਾਨ ਜਾਂ ਸੰਸਥਾ ਆਖਰੀ ਹਥਿਆਰ ਵਜੋਂ ਅਦਾਲਤਾਂ ਦਾ ਸਹਾਰਾ ਲੈਂਦੀ ਹੈ। ਜਦੋਂ ਹਾਕਮਾਂ ਤੇ ਅਫਸਰਸ਼ਾਹੀ ਨੇ ਵੀ ਗਲੋਂ ਬਲਾ ਟਾਲਣੀ ਹੋਵੇ ਤਾਂ ਅਦਾਲਤਾਂ ਦਾ ਰੁਖ਼ ਕਰਦੇ ਹਨ। ਫੌਜ ਵਿੱਚ ਪੱਕੀ ਭਰਤੀ ਵਿੱਚ ਕਮਰਕੱਸੇ ਕਰੀ ਬੈਠੇ ਨੌਜਵਾਨਾਂ ਨੇ ਅਗਨੀਪਥ ਸਕੀਮ ਬਾਰੇ ਸੁਣਿਆ ਤਾਂ ਉਹ ਭੜਕ ਉਠੇ। ਕੌਮੀ ਮਸਲਾ ਹੋਣ ਕਰ ਕੇ ਸਿਆਸਤ ਵੀ ਗਰਮਾ ਗਈ।ਸਾਰਾ ਮੀਡੀਆ ਅਤੇ ਸਮਾਜ ਵੀ ਕਿਸੇ ਨਾ ਕਿਸੇ ਤਰ੍ਹਾਂਪ੍ਰਭਾਵਤ ਹੋਇਆ। ਸਾਬਕਾ ਫੌਜੀਆਂ, ਜੰਗੀ ਯੋਧਿਆਂ ਵਿਸ਼ੇਸ਼ ਤੌਰ ਉੱਤੇਸਾਬਕਾ ਜਰਨੈਲਾਂ ਤੇ ਉਘੇ ਕਾਲਮ ਨਵੀਸਾਂ, ਮਾਹਰਾਂ ਨੇ ਕਿੱਤਾ ਭਰਪੂਰ ਲਹਿਜ਼ੇ ਵਿੱਚ ਤਕਰਸੰਗਤ ਢੰਗ ਨਾਲ ਆਪੋ-ਆਪਣੇ ਵਿਚਾਰਾਂ, ਲੱਖਾਂ ਤੇ ਸੋਸ਼ਲ ਮੀਡੀਆ ਜ਼ਰੀਏ ਰੋਸ ਪ੍ਰਗਟ ਕੀਤਾ।ਚੈਨਲ ਵੀ ਪਿੱਛੇ ਕਿਵੇਂ ਰਹਿੰਦੇ। ਕਈ ਅਨਜਾਣ ਸਿਵਲੀਅਨ, ਜੋ ਫੌਜ ਬਾਰੇ 'ਇਲ ਦਾ ਨਾਮ ਕੋਕੋ' ਨਹੀਂ ਸਨ ਜਾਣਦੇ, ਵੀ ਸਰਗਰਮ ਹੋ ਗਏ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਜਦੋਂ ਤਿੰਨਾਂ ਹਥਿਆਰਬੰਦ ਫੌਜਾਂ ਦੇ ਮੁਖੀਆਂ ਦੀ ਮੌਜੂਦਗੀ ਵਿੱਚ 14 ਜੂਨ ਨੂੰ ਫੌਜਦੀ ਭਰਤੀ ਵਿੱਚ ਅਗਨੀਪਥ ਯੋਜਨਾ ਦਾ ਐਲਾਨ ਕੀਤਾ ਤਾਂ ਨੌਜਵਾਨ ਭੜਕ ਉੱਠੇ। ਦੇਸ਼ ਵਿੱਚ ਵੱਡੇ ਪੱਧਰ ਉੱਤੇ ਰੋਸ ਸ਼ੁਰੂ ਕਿਉਂ ਹੋਇਆ? ਸਰਕਾਰ ਦਾ ਪੱਖ ਕੀ ਹੈ ਤੇ ਯੋਜਨਾ ਵਿੱਚ ਊਣਤਾਈਆਂ ਕੀ ਹਨ? ਇਸ ਸਮੱਸਿਆ ਦਾ ਹੱਲ ਕੀ ਹੋਵੇ? ਕੀ ਇਸ ਦਾ ਪ੍ਰਭਾਵ ਕੌਮੀ ਸੁਰੱਖਿਆ ਉੱਤੇ ਪਵੇਗਾ? ਇਨ੍ਹਾਂ ਸਾਰੇ ਸਵਾਲਾਂ ਉੱਤੇ ਮੁੱਦਿਆਂ ਬਾਰੇ ਵਿਚਾਰ-ਚਰਚਾ ਕਰਦੇ ਹੋਏ ਮੈਂ ਮੰਨਦਾ ਹਾਂ ਕਿ ਹਿੰਸਕ ਪ੍ਰਦਰਸ਼ਨ ਕਰਨੇ ਬਿਲਕੁਲ ਜਾਇਜ਼ ਨਹੀਂ।

ਸਰਕਾਰ ਦੀ ਇਹ ਸੋਚ ਹੈ ਕਿ ਅਗਨੀਪਥ ਯੋਜਨਾ ਫੌਜ ਦੀ ਔਸਤਨ ਉਮਰ 32 ਤੋਂ ਘਟਾ ਕੇ 26 ਸਾਲ ਕਰਨ ਲਈ ਹਥਿਆਰਬੰਦ ਫੌਜਾਂ ਨੂੰ ਪਹਿਲਾਂ ਤੋਂ ਵਧੇਰੇ ਜਵਾਨ ਤੇ ਮਜ਼ਬੂਤ ਬਣਾਉਣ ਲਈ ਲਿਆਂਦੀ ਹੈ ਤੇ ਇਹ ਤਰਕ ਕਾਰਗਿਲ ਜਾਂਚ ਕਮੇਟੀ ਤੇ ਉਸ ਦੀਆਂ ਸਿਫਾਰਸ਼ਾਂ ਉੱਤੇ ਆਧਾਰਤ ਹੈ। ਇਹ ਵੀ ਕਿਹਾ ਗਿਆ ਹੈ ਕਿ ਇਸ ਦੇ ਨਾਲ ਤਕਨੀਕੀ ਸਮਰੱਥਾ ਵੀ ਵਧੇਗੀ, ਨੌਜਵਾਨਾਂ ਨੂੰ ਵਧੇਰੇ ਰੁਜ਼ਗਾਰ ਦੇ ਨਾਲ ਦੇਸ਼ ਸੇਵਾ ਦਾ ਮੌਕਾ ਮਿਲੇਗਾ ਤਾਂ ਕਿ ਉਨ੍ਹਾਂ ਅੰਦਰ ਦੇਸ਼ਭਗਤੀ ਦਾ ਜਜ਼ਬਾ ਪੈਦਾ ਕੀਤਾ ਜਾ ਸਕੇ।ਜੇ ਫੌਜ ਨੂੰ ਵਧੇਰੇ ਜਵਾਨ ਅਤੇ ਰਿਸ਼ਟ-ਪੁਸ਼ਟ ਬਣਾਉਣ ਖਾਤਰ ਔਸਤ ਉਮਰ ਘਟਾਉਣਾ ਜ਼ਰੂਰੀ ਹੈ ਤਾਂ ਫਿਰ ਹਰ ਸਾਲ ਜਵਾਨਾਂ ਤੇ ਅਫਸਰਾਂ ਸਮੇਤ ਬੈਟਲ ਫਿਜ਼ੀਕਲ ਐਫੀਸ਼ੈਂਸੀ ਟੈਸਟ 35 ਸਾਲ ਤੱਕ ਕਰਨੇ ਲਾਜ਼ਮੀ ਕਿਉਂ ਹਨ? ਸਾਨੂੰ ਪਿੱਠੂ, ਹਥਿਆਰ ਸਮੇਤ ਵੀਹ ਸਾਲ ਦੀ ਉਮਰ ਵਿੱਚ 12 ਮੀਲ ਤੱਕ ਦੌੜਨਾ ਤੇ ਹੋਰ ਖੇਡਾਂ ਰੱਸਾ ਆਦਿ ਪਾਸ ਕਰਨੇ ਪਏ ਤੇ ਫਿਰ 35 ਸਾਲ ਤੱਕ ਵੀ ਇਹੋ ਟੈਸਟ ਪਾਸ ਕਰਨੇ ਜ਼ਰੂਰੀ ਸਨ। ਜੋ ਫੇਲ੍ਹ ਹੋ ਜਾਂਦਾ, ਉਸ ਦਾ ਬੁਰਾ ਪ੍ਰਭਾਵ ਸਾਡੀ ਨੌਕਰੀ ਦੀ ਤਰੱਕੀ ਉੱਤੇ ਵੀ ਪੈਂਦਾ ਹੈ।ਜੇ ਫੌਜ ਵਿੱਚ ਅਧਿਕਾਰੀਆਂ ਦੀ ਸਰੀਰਕ ਸਮਰੱਥਾ, ਦ੍ਰਿੜ੍ਹਤਾ, ਸਹਿਣਸ਼ੀਲਤਾ ਤੇ ਦੇਸ਼ ਖਾਤਰ ਮਰ-ਮਿਟਣ ਵਾਲਾ ਜਜ਼ਬਾ ਨਾ ਹੁੰਦਾ ਤਾਂ 26 ਸਤੰਬਰ 1921 ਦੇ ਜੰਮਪਲ ਸੂਬੇਦਾਰ ਜੋਗਿੰਦਰ ਸਿੰਘ ਨੇ 1936 ਵਿੱਚ ਸਿੱਖ ਪਲਟਨ ਵਿੱਚ ਭਰਤੀ ਹੋ ਕੇ ਪਹਿਲਾਂ ਦੂਸਰੇ ਵਿਸ਼ਵ ਯੁੱਧ ਦੌਰਾਨ ਬਰਮਾ ਵਿਖੇ ਯੋਗਦਾਨ ਪਾਇਆ, ਫਿਰ 1947-48 ਵਿੱਚ ਪਾਕਿਸਤਾਨ ਨਾਲ ਜੰਗ ਦੌਰਾਨ ਮਹੱਤਵਪੂਰਨ ਵੀਰਤਾ ਭਰਪੂਰ ਕਾਰਨਾਮੇ ਕਰ ਕੇ ਦਿਖਾਏ। ਫਿਰ 26 ਸਾਲ ਦੀ ਨੌਕਰੀ ਪਿੱਛੋਂ 41 ਸਾਲ ਦੀ ਉਮਰ ਵਿੱਚ ਭਾਰਤ-ਚੀਨ ਦੀ ਜੰਗ ਸਮੇਂ ਬੁਮਲਾ ਨੇਫਾ (ਅੱਜ ਦਾ ਅਰੁਣਾਚਲ ਪ੍ਰਦੇਸ਼) ਵਿੱਚ ਆਪਣੀ ਪਲਟੂਨ ਦੀ ਕਮਾਂਡ ਕਰਦਾ ਪੁਰਾਣੇ ਹਥਿਆਰ, ਫਟੀ-ਪੁਰਾਣੀ ਵਰਦੀ, ਕਿੱਲਾਂ ਵਾਲੇ ਬੂਟ ਪਹਿਨੇ ਹੋਏ ਗੋਲੀ-ਸਿੱਕਾ ਖਤਮ ਹੋਣ ਪਿੱਛੋਂ ਵੀ ਹਮਲਾਵਰਾਂ ਨਾਲ ਆਖਰੀ ਦਮ ਤੱਕ ਲੜਦਾ ਸ਼ਹੀਦ ਹੋ ਗਿਆ। ਇਸ ਬਾਰੇ ਫਿਲਮ ਵੀ ਬਣੀ।

ਦੱਸਣਯੋਗ ਇਹ ਵੀ ਹੈ ਕਿ ਸਿਆਚਿਨ ਗਲੇਸ਼ੀਅਰ ਦੀ ਸਭ ਤੋਂ ਵੱਧ ਉਚਾਈ ਵਾਲੀ ਜੋਖਮ ਭਰੀ ਤਿੱਖੀ ਪਹਾੜੀ ਪਾਕਿਸਤਾਨ ਨੇ ਆਪਣੇ ਕਬਜ਼ੇ ਹੇਠ ਲੈ ਲਈਅਤੇ ਉਸ ਦਾ ਨਾਂਅ ਕੁਨੀਡ ਰੱਖਿਆ ਸੀ। ਮਈ 1987 ਵਿੱਚ ਜਦੋਂ ਨੌਜਵਾਨ ਲੈਫਟੀਨੈਂਟ ਨੇ ਆਪਣੇ ਸਾਥੀਆਂ ਸਮੇਤ ਉਸ ਪੋਸਟ ਨੂੰ ਵਾਪਸ ਲੈਣ ਦੀ ਕੋਸ਼ਿਸ਼ ਕੀਤੀ ਤਾਂ ਲੈਫਟੀਨੈਂਟ ਰਾਜੀਵ ਤੇ ਉਸ ਦੇ ਨੌਂ ਫੌਜੀ ਸ਼ਹੀਦ ਹੋ ਗਏ। ਫਿਰ ਨਾਇਬ ਸੂਬੇਦਾਰ ਬਾਨਾ ਸਿੰਘ ਨੂੰ ਪਾਕਿਸਤਾਨੀਆਂ ਨੂੰ ਖਦੇੜਨਲਈ ਚੁਣਿਆ ਗਿਆ।ਉਸ ਨੇ ਆਪਣੀ ਪਲਟਨ 8 ਜੈਡ ਐਲ ਆਈ ਦੇ ਜੰਗਜੂਆਂ ਨੂੰ ਲੈ ਕੇ ਤਕਰੀਬਨ 21000 ਫੁੱਟ ਦੀ ਬੁਲੰਦੀ ਵਾਲੀ ਖੜ੍ਹੀ ਪੋਸਟ ਤੇ ਗਲੇਸ਼ੀਅਰ ਤੂਫਾਨ ਦਾ ਟਾਕਰਾ ਕਰਦਿਆਂ 28 ਜੂਨ 1987 ਨੂੰ 18 ਸਾਲ ਦੀ ਨੌਕਰੀ ਅਤੇ 38 ਸਾਲ ਦੀ ਉਮਰ ਵਿੱਚ ਮਨਫੀ 52 ਡਿਗਰੀ ਵਾਲੇ ਤਾਪਮਾਨ ਵਿੱਚ ਦੁਸ਼ਮਣ ਨੂੰ ਮਾਰ-ਮੁਕਾਇਆ। ਇਸ ਜਾਂਬਾਜ਼ ਨੇ ਪਲਟਨ ਦੇ ਜੰਗੀ ਨਾਅਰੇ ਦੀ ਗੂੰਜ ਵਿੱਚ ਤਿਰੰਗਾ ਝੰਡਾ ਲਹਿਰਾਇਆ ਤੇ ਫਿਰ ਉਸ ਪੋਸਟ ਦਾ ਨਾਂਅ ਬਾਨਾ ਪੋਸਟ ਰੱਖਿਆ। ਸਵਾਲ ਪੈਦਾ ਹੁੰਦਾ ਹੈ ਕਿ ਅਗਨੀਵੀਰ ਛੇ ਮਹੀਨੇ ਦੀ ਸਿਖਲਾਈ ਸਣੇ ਚਾਰ ਸਾਲ ਪੈਨਸ਼ਨ ਬਗੈਰ ਆਰਜ਼ੀ ਫੌਜੀ ਸੇਵਾ ਕਾਲ ਸਮੇਂ ਅਜਿਹੇ ਕੌਮੀ ਜਜ਼ਬੇ ਨਾਲ ਲੜ ਸਕਣਗੇ? ਪਲਟਨਾਂ ਦੀਆਂ ਉਚਕੋਟੀ ਵਾਲੀਆਂ ਪਰੰਪਰਾਵਾਂ, ਨਾਮ, ਨਮਕ, ਨਿਸ਼ਾਨ ਨੂੰ ਸਮਝਣ ਵਾਸਤੇ ਵੀ ਸਮੇਂ ਦੀ ਲੋੜ ਹੈ। ਜੇ 15 ਸਾਲਾ ਨੌਕਰੀ ਪਿੱਛੋਂ ਬਗੈਰ ਪੈਨਸ਼ਨ ਤੋਂ ਘਰ ਭੇਜ ਦੇਣਾ ਹੈ ਤਾਂ 20 ਸਾਲ ਦੀ ਨੌਕਰੀ ਉੱਤੇ ਜਵਾਨ ਜੇ ਸੀ ਓ ਬਣਦਾ ਹੈ, ਫਿਰ ਜੋਗਿੰਦਰ ਸਿੰਘ, ਬਾਨਾ ਸਿੰਘ, ਯੋਗਿੰਦਰ ਯਾਦਵ ਕਿਵੇਂ ਪੈਦਾ ਹੋਣਗੇ? ਜ਼ਿਕਰਯੋਗ ਇਹ ਵੀ ਹੈ ਕਿ 34 ਇਨਫੈਂਟਰੀ ਬਟਾਲੀਅਨ ਵਾਲਾ ਗੋਰਖਾ ਬ੍ਰਿਗੇਡ ਦੀ ਭਰਤੀ ਜ਼ਿਆਦਾਤਰ ਨੇਪਾਲ ਵਿੱਚੋਂ ਕੀਤੀ ਜਾਂਦੀ ਹੈ ਜਿੱਥੇ ਲੱਖਾਂ ਦੀ ਗਿਣਤੀ ਵਿੱਚ ਸਾਬਕਾ ਫੌਜੀ ਵੀ ਹਨ, ਜਿਨ੍ਹਾਂ ਦੀ ਤਨਖਾਹ ਭੱਤੇ, ਪੈਨਸ਼ਨ ਵੀ ਰੱਖਿਆ ਬਜਟ ਵਿੱਚੋਂ ਦਿੱਤੀ ਜਾਂਦੀ ਹੈ।

ਚੀਨ ਨੇਪਾਲ ਵਿੱਚ ਪਿੰਡ ਵਸਾਈ ਬੈਠਾ ਹੈ, ਫਿਰ ਕੌਮੀ ਸੁਰੱਖਿਆ ਪ੍ਰਭਾਵਤ ਹੋਵੇਗੀ? ਭਾਰਤ ਦਾ ਜ਼ਮੀਨੀ ਬਾਰਡਰ 15200 ਕਿਲੋਮੀਟਰ ਹੈ ਤੇ ਤਟਵਰਤੀ ਸੀਮਾ 7500 ਕਿਲੋਮੀਟਰ, ਜੋ ਸੱਤ ਮੁਲਕਾਂ ਨਾਲ ਲੱਗਦੀ ਹੈ। ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਬਾਲ ਨੇ ਦੋ ਜੁਲਾਈ ਨੂੰ 13 ਤਟਵਰਤੀ ਸੂਬਿਆਂ ਤੇ ਕੇਂਦਰ ਪ੍ਰਸ਼ਾਸਿਤ ਪ੍ਰਦੇਸ਼ਾਂ ਦੀ ਮੀਟਿੰਗ ਦੌਰਾਨ ਕਿਹਾ ਸੀ ਕਿ ਹਿੰਦ ਮਹਾਸਾਗਰ ਵਿੱਚ ਚੀਨ ਦਾ ਦਖਲ ਵਧੀ ਜਾਂਦਾ ਹੈ। ਜੇ ਫੌਜਾਂ ਵਿੱਚ ਪੈਨਸ਼ਨ ਯੋਗ ਪੱਕੀ ਭਰਤੀ ਵੱਲ ਧਿਆਨ ਨਾ ਦਿੱਤਾ ਤਾਂ 2032 ਤੱਕ ਅੱਧੀ ਫੌਜ ਅਧੂਰੀ ਸਿਖਲਾਈ ਵਾਲੀ ਹੋ ਜਾਵੇਗੀ ਤੇ ਚੁਣੌਤੀਆਂ ਵਧਦੀਆਂ ਜਾਣਗੀਆਂ। ਅਗਨੀਪਥ ਸਕੀਮ ਪਿੱਛੇ ਛੁਪਿਆ ਅਸਲੀ ਰਾਜ਼ ਫੌਜ ਦੀ ਤਨਖਾਹ ਅਤੇ ਪੈਨਸ਼ਨ ਬਜਟ ਨੂੰ ਘੱਟ ਕਰਨ ਵਾਲਾ ਹੈ, ਜੋ ਕੁਝ ਸਾਲਾਂ ਤੋਂ ਹਾਕਮਾਂ ਲਈ ਚਿੰਤਾ ਦਾ ਵਿਸ਼ਾ ਹੈ। ਪਾਰਲੀਮੈਂਟ ਵਿੱਚ ਪੇਸ਼ ਕੀਤੇ ਗਏ ਸਾਲ 2022-23 ਦਾ ਬਜਟ ਅਨੁਸਾਰ ਰੱਖਿਆ ਲਈ 5,25,166 ਕਰੋੜ ਦੀ ਵਿਵਸਥਾ ਕੀਤੀ ਗਈ, ਜੋ ਸਾਲ 2021-22 ਦੇ ਬਜਟ ਨਾਲੋਂ 9.7 ਫੀਸਦੀ ਵੱਧ ਹੈ। ਇਸ ਵਿੱਚ 1,19,696 ਕਰੋੜ ਪੈਨਸ਼ਨ ਬਜਟ ਹੈ। ਰੱਖਿਆ ਬਜਟ ਵਿੱਚ ਸ਼ਾਮਲ ਛੇ ਲੱਖ ਦੇ ਕਰੀਬ ਸਿਵਲੀਅਨ ਡਿਫੈਂਸ ਕਰਮਚਰਾਰੀ ਵੀ ਹਨ, ਜੋ 58-60 ਤੱਕ ਨੌਕਰੀ ਕਰਦੇ ਹਨ। ਉਨ੍ਹਾਂ ਦੀ ਤਨਖਾਹ ਭੱਤੇ ਅਤੇ ਪੈਨਸ਼ਨ ਵੀ ਫੌਜੀਆਂ ਨਾਲੋਂ ਅਨੁਪਾਤਕ ਰੂਪ ਵਿੱਚ ਕਿਤੇ ਵੱਧ ਹੈ। ਦੱਸਣਯੋਗ ਹੈ ਕਿ ਸਟੈਂਡਿੰਗ ਕਮੇਟੀ ਆਨ ਡਿਫੈਂਸ ਨੇ ਆਪਣੀ ਰਿਪੋਰਟ ਵਿੱਚ ਇੰਝ ਦਰਜ ਕੀਤਾ ਸੀ, "ਬਾਰਡਰ ਉੱਤੇ ਤਣਾਅ ਦੌਰਾਨ ਫੌਜ ਦੇ ਬਜਟ ਵਿੱਚ ਕਟੌਤੀ ਕਰਨਾ ਖਤਰਨਾਕ ਹੋ ਸਕਦਾ ਹੈ।" ਓਧਰ ਪਾਕਿਸਤਾਨ ਨੇ ਆਪਣੇ ਪੈਨਸ਼ਨ ਬਜਟ ਵਿੱਚ 15 ਫੀਸਦੀ ਵਾਧਾ ਕੀਤਾ ਹੈ।

ਇਸ ਦੌਰਾਨ ਤੀਹ ਜੂਨ ਨੂੰ ਪੰਜਾਬ ਵਿਧਾਨ ਸਭਾ ਨੇ ਅਗਨੀਪਥ ਸਕੀਮ ਖਿਲਾਫ ਮਤਾ ਪਾਸ ਕਰ ਦਿੱਤਾ ਹੈ, ਪਰ ਹਥਿਆਰਬੰਦ ਫੌਜਾਂ ਵੱਲੋਂ ਜ਼ੋਰਾਂ-ਸ਼ੋਰਾਂ ਨਾਲ ਭਰਤੀ ਪ੍ਰਕਿਰਿਆ ਵੀ ਸ਼ੁਰੂ ਹੋ ਗਈ ਹੈ। ਲੜਕੀਆਂ ਵੀ ਅੱਗੇ ਆ ਰਹੀਆਂ ਹਨ। ਬੇਰੁਜ਼ਗਾਰੀ ਤੋਂ ਤੰਗ ਆਏ ਚਾਰ ਸਾਲ ਕੀ, ਨੌਜਵਾਨ ਚਾਰ ਮਹੀਨਿਆਂ ਲਈ ਵੀ ਨੌਕਰੀ ਦੀ ਭਾਲ ਵਿੱਚ ਹਨ। ਦਸ ਜਮਾਤਾਂ ਪਾਸ ਨੌਜਵਾਨ ਇਨਫੈਂਟਰੀ ਵਾਸਤੇ ਸਹਾਈ ਹੋ ਸਕਦਾ ਹੈ, ਆਧੁਨਿਕ ਟੈਂਕਾਂ, ਜਹਾਜ਼ਾਂ, ਪਣਡੁੱਬੀਆਂ, ਤੋਪਾਂ, ਇੰਜੀਨੀਅਰਿੰਗ ਕੰਮਾਂ ਵਾਸਤੇ ਉਹ ਚਾਰ ਸਾਲਾਂ ਦੌਰਾਨ ਮੁਹਾਰਤ ਕਿਵੇਂ ਹਾਸਲ ਕਰੇਗਾ?

ਅਗਲੇ ਸਮੇਂ ਵਿੱਚ ਬੇਹੱਦ ਤਕਨੀਕੀ ਡਰੋਨ, ਸਾਈਬਰ, ਵਾਰਫੇਅਰ ਅਤੇ ਜੰਗ ਆਕਾਸ਼ ਵਿੱਚ ਲੜੀ ਜਾਵੇਗੀ ਅਤੇਐਟਮੀ ਜੰਗ ਦੀਆਂ ਧਮਕੀਆਂ ਵੀ ਅਕਸਰ ਮਿਲਦੀਆਂ ਹਨ, ਜੋ ਅਗਨੀਵੀਰਾਂ ਦੇ ਅਧਿਕਾਰ ਖੇਤਰ ਤੋਂ ਕੋਹਾਂ ਦੂਰ ਹੋਵੇਗੀ। ਇਹ ਫੌਜ ਤੇ ਦੇਸ਼ ਦੇ ਹਿੱਤ ਵਿੱਚ ਹੋਵੇਗਾ ਕਿ ਇੱਕ ਸਾਲ ਬਾਅਦ ਇਸ ਸਕੀਮ ਦੀ ਸਮੀਖਿਆ ਕਰ ਕੇ ਊਣਤਾਈਆਂ ਦੂਰ ਕੀਤੀਆਂ ਜਾਣ। ਭਾਵੇਂ ਜਵਾਨਾਂ ਦੀ ਕਲਰ ਸਰਵਿਸ ਘੱਟ ਕਿਉਂ ਨਾ ਹੋਵੇ, ਪਰ ਉਹ ਪੱਕੀ ਤੇ ਪੈਨਸ਼ੇਬਲ ਹੋਣੀ ਚਾਹੀਦੀ ਹੈ।

*-ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ*

## ਸਿਮਰਨਜੀਤ ਮਾਨ ਦੇ ਪੁੱਤਰ ਦੀ ਮੰਗ : ਕੇਂਦਰੀ ਸਿੱਖ ਅਜਾਇਬ ਘਰ ਵਿੱਚੋਂ 'ਨਾਸਤਿਕ' ਭਗਤ ਸਿੰਘ ਦੀ ਫ਼ੋਟੋ ਲਾਹ ਦਿਉ



ਚੰਡੀਗੜ੍ਹ, 26 ਜੁਲਾਈ (ਪੋਸਟ ਬਿਊਰੋ)- ਸੰਗਰੂਰ ਤੋਂ ਨਵੇਂ ਚੁਣੇ ਪਾਰਲੀਮੈਂਟ ਮੈਂਬਰ ਅਤੇ ਅੰਮ੍ਰਿਤਸਰ ਅਕਾਲੀ ਦਲ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੇ ਪੁੱਤਰ ਈਮਾਨ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਲਿਖਤੀ ਤੌਰ ਉੱਤੇ ਮੰਗ ਕੀਤੀ ਹੈ ਕਿ ਸਿੱਖ ਅਜਾਇਬ ਘਰ ਵਿੱਚੋਂ ਸ਼ਹੀਦ ਭਗਤ ਸਿੰਘ ਦੀ ਫ਼ੋਟੋ ਲਾਹ ਦਿੱਤੀ ਜਾਵੇ।

ਇਸ ਬਾਰੇ ਈਮਾਨ ਸਿੰਘ ਦਾ ਕਹਿਣਾ ਹੈ ਕਿ ਨਾਸਤਿਕਤਾ ਦਾ ਪ੍ਰਚਾਰ ਕਰਦੀ ਕਿਤਾਬ ਦੇ ਲੇਖਕ ਭਗਤ ਸਿੰਘ ਦੀ ਫ਼ੋਟੋ ਇੱਕ ਧਾਰਮਿਕ ਮਿਊਜ਼ੀਅਮ ਵਿੱਚ ਲਾਉਣੀ ਬਾਕੀ ਦੇ ਸ਼ਹੀਦਾਂ ਦਾ ਅਪਮਾਨ ਕਰਨ ਬਰਾਬਰ ਹੈ।ਵਰਨਣ ਯੋਗ ਹੈਕਿ ਭਾਵੇਂ ਭਗਤ ਸਿੰਘ ਅਕਾਲੀ ਜਥਿਆਂ ਦੀ ਸੇਵਾ ਕਰਦਾ ਰਿਹਾ ਤੇ ਉਨ੍ਹਾਂ ਨੂੰ ਲੰਗਰ ਵੀ ਛਕਾਉਂਦਾ ਰਿਹਾ ਹੈ ਤੇ ਆਪਣੀ ਗ੍ਰਿਫ਼ਤਾਰੀ ਤੋਂ ਪਹਿਲਾਂ ਉਸ ਨੇ ਕਦੀ ਧਰਮ ਵਿਰੁੱਧ ਕੁਝ ਨਹੀਂ ਸੀ ਕਿਹਾ, ਪਰ ਜਦ ਜੇਲ੍ਹ ਵਿੱਚ ਸੀ ਤਾਂ ਕਿਹਾ ਜਾਂਦਾ ਹੈ ਕਿ ਕਮਿਊਨਿਸਟ ਪਾਰਟੀ ਨੇ ਉਸ ਨੂੰ ਜੇਲ੍ਹ ਵਿੱਚੋਂ ਮਹਾਤਮਾ ਗਾਂਧੀ ਦੇ ਮੁਕਾਬਲੇ ਖੜ੍ਹਾ ਕਰਨ ਦਾ ਯਤਨ ਕੀਤਾ ਤੇ ਉਸ ਦੇ ਨਾਂ ਉਤੇ ਅਜਿਹਾ ਲਿਟਰੇਚਰ ਵੰਡਿਆ ਸੀ, ਜਿਹੜਾ ਧਰਮ ਵਿਰੁੱਧ ਜਾਂਦਾ ਸੀ। ਇਸ ਦੌਰਾਨ ਕਈ ਗੱਲਾਂ ਬਾਰੇ ਬਹੁਤ ਸਾਰੇ ਲੋਕਾਂ ਵਿੱਚ ਮੱਤਭੇਦ ਰਹੇ ਹਨ ਅਤੇ ਕਿਹਾ ਜਾਂਦਾ ਹੈ ਕਿ ਹਰ ਕਿਸੇ ਨੂੰ ਆਪਣੀ ਰਾਏ ਰੱਖਣ ਦਾ ਹੱਕ ਹੈ।

ਦੂਸਰੇ ਪਾਸੇ ਪਤਾ ਲੱਗਾ ਹੈ ਕਿ ਸ਼੍ਰੋਮਣੀ ਕਮੇਟੀ ਸਿਮਰਨਜੀਤ ਸਿੰਘ ਮਾਨ ਦੇ ਪੁੱਤਰ ਦੀ ਚਿੱਠੀ ਉੱਤੇ ਵਿਚਾਰ ਕਰੇਗੀ ਤੇ ਵਿਦਵਾਨਾਂ ਦੀ ਰਾਏ ਲਵੇਗੀ। ਸਿਮਰਨਜੀਤ ਸਿੰਘ ਮਾਨ ਨੇ ਇਸ ਦੀ ਜਿਹੜੀ ਸੁਰ ਕੱਢੀ ਹੈ, ਉਹ ਵਿਵਾਦ ਦਾ ਕਾਰਨ ਬਣ ਸਕਦੀ ਹੈ ਤੇ ਹੋ ਸਕਦਾ ਹੈ ਕਿ ਹਾਲਾਤ ਨੂੰ ਨਵਾਂ ਮੋੜ ਦੇਣ ਵਾਲੀ ਬਣ ਜਾਵੇ। ਉਂਜ ਕੇਂਦਰੀ ਅਜਾਇਬ ਘਰ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਲਾਈ ਸ਼ਹੀਦ ਭਗਤ ਸਿੰਘ ਦੀ ਫੋਟੋ ਹੇਠਾਂ ਪਹਿਲਾਂ ਹੀ ਲਿਖਿਆ ਹੋਇਆ ਹੈ ਕਿ ਭਗਤ ਸਿੰਘ ਨੇ ਸ਼ਹੀਦੀ ਤੋਂ ਪਹਿਲਾਂ ਭਾਈ ਰਣਧੀਰ ਸਿੰਘ ਨਾਲ ਹੋਈ ਮੁਲਾਕਾਤ ਪਿੱਛੋਂ ਫਿਰ ਸਿੱਖੀ ਧਾਰਨ ਕਰ ਲਈ ਸੀ।

## ਕਿਸਾਨ ਆਗੂ ਡੱਲੇਵਾਲ ਨੇ ਰਾਜੇਵਾਲ ਤੇ ਹੋਰਨਾਂ ਉਤੇ ਦੋਸ਼ ਲਾਏ

### * ਕਿਹਾ, ਕਿਸਾਨ ਮੋਰਚੇ ਦੀ ਮੀਟਿੰਗ ਵਿੱਚ ਜਾਣਕਾਰੀ ਨਹੀਂ ਸਨ ਦਿੰਦੇ

ਚੰਡੀਗੜ੍ਹ, 26 ਜੁਲਾਈ (ਪੋਸਟ ਬਿਊਰੋ)- ਤਿੰਨ ਖੇਤੀਬਾੜੀ ਕਾਨੂੰਨਾਂ ਵਿਰੁੱਧ ਚੱਲਦੇ ਅੰਦੋਲਨ ਦੌਰਾਨਭਾਰਤ ਸਰਕਾਰ ਤੇ ਸੰਯੁਕਤ ਕਿਸਾਨ ਮੋਰਚਾ ਵਿਚਾਲੇ ਚੱਲਦੀ ਗੱਲਬਾਤ ਦੌਰਾਨ ਕੁਝ ਆਗੂਆਂ ਵੱਲੋਂ ਮੋਰਚੇ ਦੇ ਹੋਰ ਆਗੂਆਂ ਨੂੰਦੱਸੇ ਬਿਨਾਂ ਸਰਕਾਰ ਨੂੰ ਚਿੱਠੀ ਲਿਖਣ ਦਾ ਮੁੱਦਾ ਇੱਕ ਵਾਰ ਫਿਰ ਤੂਲ ਫੜਨ ਲੱਗਾ ਹੈ।

ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਦੇ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕੱਲ੍ਹ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਆਗੂ ਬਲਬੀਰ ਸਿੰਘ ਰਾਜੇਵਾਲ ਅਤੇ ਕੁਝ ਹੋਰਨਾਂ ਉੱਤੇ ਮੋਰਚੇ ਦੇ ਆਗੂਆਂ ਨੂੰ ਭਰੋਸੇ ਵਿੱਚ ਲਏ ਬਗੈਰ ਸਰਕਾਰੀ ਨੁਮਾਇੰਦਿਆਂ ਨਾਲ ਮੀਟਿੰਗ ਕਰਨ ਤੇ ਚਿੱਠੀ ਲਿਖਣ ਦਾ ਦੋਸ਼ ਲਾਇਆ ਹੈ।ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਜਿਨ੍ਹਾਂ ਕਿਸਾਨ ਆਗੂਆਂ ਨੇ ਸਰਕਾਰ ਨੂੰ ਚਿੱਠੀ ਲਿਖੀ ਸੀ, ਉਸ ਨੇ ਇਸ ਵਿੱਚ ਇੱਕ ਕਾਨੂੰਨ ਰੱਦ ਕਰਨ, ਇੱਕ ਕਾਨੂੰਨ ਰਾਜ ਸਰਕਾਰ ਉੱਤੇ ਛੱਡਣ, ਇੱਕ ਕਾਨੂੰਨ ਉੱਤੇ ਕਮੇਟੀ ਬਣਾਉਣ ਅਤੇ ਘੱਟੋ-ਘੱਟ ਖਰੀਦ ਕੀਮਤ (ਐਮ ਐਸ ਪੀ) ਦੀ ਗਾਰੰਟੀ ਦੇ ਕਾਨੂੰਨਬਾਰੇ ਕਮੇਟੀ ਬਣਾਉਣ ਦੀ ਗੱਲ ਉੱਤੇ ਸਰਕਾਰ ਅਤੇ ਕੁਝ ਹੋਰ ਚੋਣਵੇਂ ਕਿਸਾਨ ਆਗੂਆਂ ਵਿਚਾਲੇ ਸਹਿਮਤੀ ਦੀ ਗੱਲ ਕੀਤੀ ਸੀ। ਉਨ੍ਹਾਂ ਕਿਹਾ ਕਿ ਕਈ ਮੀਟਿੰਗਾਂ ਵਿੱਚ ਇਹ ਸਵਾਲ ਚੁੱਕਿਆ ਗਿਆ ਸੀ ਕਿ ਸਾਰਿਆਂ ਨੂੰ ਦੱਸੋ, ਕਿਸ ਆਗੂ ਦੀ ਸਰਕਾਰ ਨਾਲ ਕੀ ਗੱਲਬਾਤ ਚੱਲਦੀ ਹੈ, ਪਰ ਇਸ ਦਾ ਸਪੱਸ਼ਟ ਜਵਾਬ ਨਹੀਂ ਦਿੱਤਾ ਗਿਆ ਸੀ। ਉਸ ਪਿੱਛੋਂ ਮੀਟਿੰਗ ਵਿੱਚ 16 ਜਥੇਬੰਦੀਆਂ ਦੀ ਮੀਟਿੰਗ ਵਿੱਚ ਚਿੱਠੀ ਦਾ ਸਵਾਲ ਚੁੱਕਿਆ ਤਾਂ ਰਾਜੇਵਾਲ ਨੇ ਮੰਨਿਆ ਸੀ ਕਿ ਸਰਕਾਰ ਨਾਲ ਗੱਲਬਾਤ ਚੱਲਦੀ ਹੈ, ਜਿਸ ਵਿੱਚ ਕਿਸਾਨ ਆਗੂ ਹਰਮੀਤ ਸਿੰਘ ਕਾਦੀਆਂ, ਬੂਟਾ ਸਿੰਘ ਬੁਰਜਗਿੱਲ ਅਤੇ ਕੁਲਵੰਤ ਸਿੰਗ ਸੰਧੂ ਸ਼ਾਮਲ ਸਨ। ਉਨ੍ਹਾਂ ਨੇ ਕਿਹਾ ਕਿ ਯੋਗੇਂਦਰ ਯਾਦਵ ਨੇ ਤੀਹ ਨਵੰਬਰ ਨੂੰ ਕੋਆਰਡੀਨੇਸ਼ਨ ਕਮੇਟੀ ਦੀ ਮੀਟਿੰਗ ਵਿੱਚ ਦੱਸਿਆ ਸੀ ਕਿ 13 ਸਤੰਬਰ ਨੂੰ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਦੇ ਘਰ ਸੱਦੀ ਗਈ ਮੀਟਿੰਗ ਵਿੱਚ 21 ਜਣੇ ਸ਼ਾਮਲ ਸਨ ਅਤੇ ਵੱਖ-ਵੱਖ ਪੱਧਰ ਉੱਤੇ ਕੇਂਦਰ ਸਰਕਾਰ ਨਾਲ ਜਾਰੀ ਗੱਲਬਾਤ ਬਾਰੇ ਉਨ੍ਹਾਂ ਨੇ 21 ਜਣਿਆਂ ਨੂੰ ਦੱਸਿਆ ਸੀ।



ਜਗਜੀਤ ਸਿੰਘ ਡੱਲੇਵਾਲ ਨੇ ਅੱਗੇ ਦੱਸਿਆ ਕਿ 13 ਸਤੰਬਰ ਨੂੰ ਸਰਕਾਰ ਨੂੰ ਚਿੱਠੀ ਭੇਜੀ ਗਈ ਸੀ। ਉਨ੍ਹਾਂ ਮੁਤਾ-ਬਕ ਜਦੋਂ ਚਿੱਠੀ ਵਿੱਚ ਕੁਝ ਅੰਸ਼ਿਕ ਬਦਲਾਅ ਕੀਤੇ ਤਾਂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਸੀ, ''ਚਿੱਠੀ ਤਾਂ ਕੇਂਦਰ ਸਰਕਾਰ ਨੂੰ ਭੇਜ ਚੁੱਕੇ ਹਾਂ।'' ਜਦੋਂ ਤੀਹ ਨਵੰਬਰ ਨੂੰ ਯੋਗੇਂਦਰ ਯਾਦਵ ਨੇ ਇਹ ਚਿੱਠੀ ਦਿਖਾਈ ਤਾਂ ਸਾਡੇ ਕੁਝ ਸਾਥੀਆਂ ਨੇ ਸਵਾਲ ਕੀਤਾ ਸੀ ਕਿ ਇਹ ਗੱਲਾਂ ਪੂਰੇ ਮੋਰਚੇ ਦੇ ਸਾਹਮਣੇ ਕਿਉਂ ਨਹੀਂ ਦੱਸੀਆਂ? ਇਸ ਦਾ ਯਾਦਵ ਨੇ ਤਸੱਲੀਬਖਸ਼ ਜਵਾਬ ਨਹੀਂ ਦਿੱਤਾ ਸੀ। ਉਨ੍ਹਾਂ ਕਿਹਾ ਕਿ ਰਾਜੇਵਾਲ ਤੇ ਹੋਰ ਆਗੂਆਂ ਨੇ ਕਿਸਾਨਾਂ ਨਾਲ ਵਿਸ਼ਵਾਸਘਾਤ ਕੀਤਾ ਸੀ। ਇਸ ਦੌਰਾਨ ਸੁਖਦੇਵ ਸਿੰਘ ਭੋਜਰਾਜ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਕਿਸਾਨਾਂ ਤੇ ਮੋਰਚੇ ਨੂੰ ਧੋਖਾ ਦਿੱਤਾ ਹੈ, ਅਸੀਂ ਉਨ੍ਹਾਂ ਬਾਰੇ ਜਨਤਾ ਨੂੰ ਦੱਸਣਾ ਚਾਹੁੰਦੇ ਹਾਂ।

## ਸਕੂਲ ਵਿੱਚ ਸਾਥੀਆਂ ਦਾ ਝਗੜਾ ਰੋਕਣ ਗਏ ਵਿਦਿਆਰਥੀ ਦੀ ਮੌਤ

ਫ਼ਿਲੌਰ, 26 ਜੁਲਾਈ (ਪੋਸਟ ਬਿਊਰੋ)- ਬੀਤੇ ਦਿਨੀਂ ਪਿੰਡ ਨੰਗਲ ਦਾ ਵਸਨੀਕ ਸਾਹਿਲ ਕੱਲ੍ਹ ਸੀਨੀਅਰ ਸਕੈਂਡਰੀ ਸਕੂਲ (ਲੜਕੇ) ਵਿੱਚ ਪੜ੍ਹਨ ਗਿਆ, ਪਰ ਘਰ ਨਹੀਂ ਮੁੜਿਆ। ਉਹ ਸਕੂਲ ਤੋਂ ਛੁੱਟੀ ਹੋਣ ਉੱਤੇ ਬਾਹਰ ਨਿਕਲਿਆ ਤਾਂ ਕੁਝ ਨੌਜਵਾਨਾਂ ਦਾ ਆਪਸ ਵਿੱਚ ਝਗੜਾ ਹੋ ਰਿਹਾ ਸੀ, ਜੋ ਉਸ ਦੇ ਪਛਾਣ ਵਾਲੇ ਸਨ। ਉਹ ਝਗੜਾ ਖਤਮ ਕਰਵਾਉਣ ਗਿਆ ਪਰ ਪਤਾ ਨਹੀਂ ਕਿਵੇਂ ਡਿੱਗ ਗਿਆ। ਕਿਸੇ ਨੂੰ ਸਮਝ ਨਹੀਂ ਆਈ ਕਿ ਉਸ ਨੂੰ ਹੋਇਆ ਕੀ ਹੈ। ਰਾਹਗੀਰਾਂ ਦੀ ਮਦਦ ਨਾਲ ਸਾਹਿਲ ਨੂੰ ਸਿਵਲ ਹਸਪਤਾਲ ਪਹੁੰਚਾਇਆ, ਪਰ ਉਸਦੀ ਮੌਤ ਹੋ ਚੁੱਕੀ ਸੀ। ਦਸਵੀਂ ਦੇ ਵਿਦਿਆਰਥੀ ਸਾਹਿਲ ਦੀ ਮਾਤਾ ਆਸ਼ਾ ਰਾਣੀ ਨੇ ਦੱਸਿਆ ਕਿ ਉਸਦਾ ਬੇਟਾ ਘਰ ਤੋਂ ਸਕੂਲ ਦੇ ਲਈ ਇਹ ਕਹਿ ਕੇ ਨਿਕਲਿਆ ਸੀ ਕਿ ਘਰ ਆ ਕੇ ਖਾਣਾ ਖਾਏਗਾ। ਦੁਪਹਿਰ ਨੂੰ ਸਕੂਲ ਤੋਂ ਛੁੱਟੀ ਵੇਲੇ ਆਪਣੇ ਸਾਥੀ ਦੇ ਨਾਲ ਬਾਹਰ ਨਿਕਲਿਆ। ਮ੍ਰਿਤਕ ਬੱਚੇ ਦੇ ਪਰਵਾਰ ਦਾ ਦੋਸ਼ ਸੀ ਕਿ ਉਨ੍ਹਾਂ ਦਾ ਬੱਚਾ ਬਿਲਕੁਲ ਤੰਦਰੁਸਤ ਸੀ, ਉਸਦੀ ਮੌਤ ਕਿਵੇਂ ਹੋ ਸਕਦੀ ਹੈ। ਉਸਦੇ ਸਰੀਰ ਉੱਤੇ ਪਏ ਸੱਟਾਂ ਦੇ ਨਿਸ਼ਾਨ ਇਸ ਗੱਲ ਦਾ ਸੰਕੇਤ ਕਰਦੇ ਹਨ ਕਿ ਉਸ ਨਾਲ ਕੋਈ ਹਾਦਸਾ ਹੋਇਆ ਹੈ। ਡਾਕਟਰਾਂ ਮੁਤਾਬਿਕ ਮ੍ਰਿਤਕ ਸਾਹਿਲ ਦੇ ਮੂੰਹ ਤੋਂ ਖ਼ੂਨ ਨਿਕਲ ਰਿਹਾ ਸੀ ਅਤੇ ਉਸਦੀ ਅੱਖ ਦੇ ਕੋਲ ਸੱਟ ਵਰਗਾ ਨਿਸ਼ਾਨ ਸੀ। ਪੁਲਸ ਇਸ ਦੀ ਜਾਂਚ ਕਰ ਰਹੀ ਹੈ।

## ਭਾਰਤ ਭੂਸ਼ਣ ਆਸ਼ੂ ਦੀ ਪਟੀਸ਼ਨ ਉੱਤੇ ਸੁਣਵਾਈ ਅੱਗੇ ਪਈ

### * ਸਰਕਾਰ ਨੇ ਆਸ਼ੂ ਵਿਰੁੱਧ 18 ਸ਼ਿਕਾਇਤਾਂ ਮਿਲਣ ਬਾਰੇ ਦੱਸਿਆ

ਚੰਡੀਗੜ੍ਹ, 26 ਜੁਲਾਈ (ਪੋਸਟ ਬਿਊਰੋ)- ਸਾਬਕਾ ਖੁਰਾਕ ਅਤੇ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ ਵੱਲੋਂ ਉਨ੍ਹਾਂ ਵਿਰੁੱਧ ਇੱਕ ਸ਼ਿਕਾਇਤ ਉੱਤੇ ਵਿਜੀਲੈਂਸ ਬਿਊਰੋ ਵੱਲੋਂ ਚੱਲਦੀ ਜਾਂਚ ਵਿੱਚ ਪੱਖ ਰੱਖਣ ਦਾ ਮੌਕਾ ਦੇਣ ਅਤੇ ਜਾਂਚ ਹੋਣ ਤਕ ਉਨ੍ਹਾਂ (ਆਸ਼ੂ)ਵਿਰੁੱਧ ਕੋਈ ਠੋਸ ਕਾਰਵਾਈ ਨਾ ਕਰਨ ਦੀ ਮੰਗ ਕਰਦੀ ਪਟੀਸ਼ਨ ਉੱਤੇ ਹਾਈ ਕੋਰਟ ਨੇ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਸੀ। ਕੱਲ੍ਹ ਸਰਕਾਰ ਨੇ ਕਿਹਾ ਕਿ ਆਸ਼ੂ ਵਿਰੁੱਧ 18 ਸ਼ਿਕਾਇਤਾਂ ਮਿਲੀਆਂ ਹਨ। ਹਾਈ ਕੋਰਟ ਨੇ ਜਵਾਬ ਰਿਕ-ਾਰਡ ਉੱਤੇ ਲੈਂਦਿਆਂ ਸੁਣਵਾਈ ਅੱਗੇ ਪਾ ਦਿੱਤੀ ਹੈ, ਪਰ ਕੋਈ ਰਾਹਤ ਆਸ਼ੂ




ਨੂੰ ਨਹੀਂ ਮਿਲ ਸਕੀ। ਕੋਰਟ ਨੇ ਆਸ਼ੂ ਤੋਂ ਉਹ ਪਾਲਿਸੀ ਮੰਗੀ ਸੀ, ਜਿਸ ਹੇਠ ਮੰਡੀਆਂ ਵਿੱਚ ਢੋਆ-ਢੁਆਈ ਦੀ ਆਨਲਾਈਨ ਟੈਂਡਰਿੰਗ ਸ਼ੁਰੂ ਕੀਤੀ ਸੀ ਤੇ ਕੱਲ੍ਹ ਉਨ੍ਹਾਂ ਦੇ ਵਕੀਲਾਂ ਕਨਿਕਾ ਆਹੂਜਾ ਤੇ ਵਿਨੋਦ ਘਈ ਨੇ ਇਹ ਪਾਲਿਸੀ ਪੇਸ਼ ਕਰ ਦਿੱਤੀ, ਜਿਸ ਉੱਤੇ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਗਿਆ ਸੀ।

ਇਸ ਮੌਕੇ ਹਾਈ ਕੋਰਟ ਦਾ ਧਿਆਨ ਦਿਵਾਇਆ ਗਿਆ ਸੀ ਕਿ ਭਾਰਤ ਭੂਸ਼ਣ ਆਸ਼ੂ ਵਿਰੁੱਧ ਵਿਜੀਲੈਂਸ ਬਿਊਰੋ ਨੂੰ ਦਿੱਤੀ ਗਈ ਸ਼ਿਕਾਇਤ ਆਰ ਟੀ ਆਈ ਵਿੱਚ ਮੰਗੇ ਜਾਣ ਉੱਤੇ ਵੀ ਨਹੀਂ ਦਿੱਤੀ ਗਈ।ਆਸ਼ੂ ਦੀ ਪਟੀਸ਼ਨ ਉੱਤੇ ਹਾਈ ਕੋਰਟ ਨੇ ਨੋਟਿਸ ਜਾਰੀ ਕਰ ਦਿੱਤਾ ਹੈ, ਪਰ ਜਦੋਂ ਆਸ਼ੂ ਦੇ ਵਕੀਲਾਂ ਨੇ ਗ੍ਰਿਫ਼ਤਾਰੀ ਤੋਂ ਪਹਿਵਾਂ ਇੱਕ ਹਫ਼ਤੇ ਦਾ ਨੋਟਿਸ ਦੇਣ ਦੀ ਮੰਗ ਕੀਤੀ ਤਾਂ ਬੈਂਚ ਨੇ ਕਿਹਾ ਕਿ ਸੁਣਵਾਈ ਸਿਰਫ਼ ਅਗਲੇ ਹਫ਼ਤੇ ਤਕ ਟਾਲੀ ਜਾ ਰਹੀ ਹੈ। ਸਰਕਾਰੀ ਵਕੀਲ ਨੇ ਵੀ ਭਰੋਸਾ ਦਿੱਤਾ ਕਿ ਇੱਕ ਹਫ਼ਤੇ ਵਿੱਚ ਕੁਝ ਨਹੀਂ ਹੋਣ ਲੱਗਾ।

## ਪ੍ਰੇਮ ਵਿਆਹ ਕਰਵਾਉਣ ਵਾਲੀ ਭੈਣ ਨੂੰ ਭਰਾ ਨੇ ਅਗਵਾ ਕਰ ਲਿਆ

ਮੋਗਾ, 26 ਜੁਲਾਈ (ਪੋਸਟ ਬਿਊਰੋ)- ਆਪਣੀ ਭੈਣ ਦੇ ਪ੍ਰੇਮ ਵਿਆਹ ਤੋਂ ਦੁਖੀ ਭਰਾ ਨੇ ਆਪਣੇ ਹਥਿਆਰਬੰਦ ਸਾਥੀਆਂ ਨੂੰ ਨਾਲ ਲੈ ਕੇ ਭੈਣ ਨੂੰ ਜਬਰੀ ਅਗਵਾ ਕਰ ਲਿਆ ਦੱਸਿਆ ਜਾਂਦਾ ਹੈ।

ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਸੁਖਪ੍ਰੀਤ ਸਿੰਘ ਉਰਫ਼ ਅਰਸ਼ਦੀਪ ਸਿੰਘ ਪਿੰਡ ਵੱਡਾ ਘਰ ਨੇ ਕਿਹਾ ਕਿ ਉਹ ਮਜ਼ਦੂਰੀ ਦਾ ਕੰਮ ਕਰਦਾ ਹੈ ਅਤੇ ਉਸ ਨੇ ਬੀਤੀ 19 ਜੁਲਾਈ ਨੂੰ ਅਮਨਦੀਪ ਕੌਰ (25) ਵਾਸੀ ਵਜੀਦਪੁਰ ਨਾਲ ਪ੍ਰੇਮ ਵਿਆਹ ਅਦਾਲਤ ਵਿੱਚ ਕੀਤਾ ਸੀ। ਇਸ ਗੱਲ ਤੋਂਉਸ ਦੇ ਸਹੁਰੇ ਤੇ ਪਤਨੀ ਦਾ ਭਰਾ ਧਮਕੀਆਂ ਦੇਣ ਲੱਗ ਪਏ ਸਨ।ਬੀਤੀ 20 ਜੁਲਾਈ ਨੂੰ ਜਦੋਂ ਉਹ ਆਪਣੀ ਪਤਨੀ ਨਾਲ ਆਪਣੀ ਮਾਸੀ ਕੋਲ ਪਿੰਡ ਸਾਫੂਵਾਲਾ ਗਿਆ ਤਾਂ ਉਸ ਦਾ ਸਾਲਾ ਮਨਦੀਪ ਸਿੰਘ, ਟੋਨੀ ਸ਼ਰਮਾ, ਕੇਵਲ ਸਿੰਘ, ਦੀਪਕ ਸ਼ਰਮਾ ਸਾਰੇ ਨਿਵਾਸੀ ਵਜੀਦਪੁਰ (ਫਿਰੋਜ਼ਪੁਰ), ਜਿਨ੍ਹਾਂ ਨਾਲ 5-6 ਅਣਪਛਾਤੇ ਵਿਅਕਤੀ ਵੀ ਸਨ, ਤਿੰਨ ਗੱਡੀਆਂ ਵਿੱਚ ਮਾਸੀ ਦੇ ਘਰ ਆ ਪੁੱਜੇ ਅਤੇ ਰਾਜ਼ੀਨਾਮੇ ਦੀ ਗੱਲ ਕਰਨ ਦੇ ਬਹਾਨੇ ਝਗੜਾ ਕਰਨ ਲੱਗੇ। ਇਸ ਦੌਰਾਨ ਉਹ ਅਮਨਦੀਪ ਕੌਰ ਨੂੰ ਧੱਕੇ ਨਾਲ ਅਗਵਾ ਕਰ ਕੇ ਲੈ ਗਏ। ਇਨ੍ਹਾਂ ਨੇ ਰੌਲਾ-ਰੱਪਾ ਪਾਇਆ ਅਤੇ ਪੁਲਸ ਨੂੰ ਦੱਸਿਆ। ਥਾਣਾ ਸਦਰ ਮੋਗਾ ਦੇ ਮੁੱਖ ਅਫਸਰ ਨੇ ਦੱਸਿਆ ਕਿ ਇਸ ਨੂੰ ਗੰਭੀਰਤਾ ਨਾਲ ਲੈ ਕੇ ਸੁਖਪ੍ਰੀਤ ਸਿੰਘ ਦੇ ਬਿਆਨਾਂ ਉੱਤੇ ਉਸ ਦੇ ਸਾਲੇ ਮਨਦੀਪ ਸਿੰਘ ਅਤੇ ਦੂਜੇ ਦੋਸ਼ੀਆਂ ਖ਼ਿਲਾਫ਼ ਅਗਵਾ ਦਾ ਮਾਮਲਾ ਦਰਜ ਕੀਤਾ ਗਿਆ ਅਤੇ ਦੋਸ਼ੀਆਂ ਦੀ ਭਾਲ ਵਿੱਚ ਛਾਪੇਮਾਰੀ ਜਾਰੀ ਹੈ।



## ਚੰਬਾ ਸੜਕ ਹਾਦਸੇ 'ਚ ਗੁਰਦਾਸਪੁਰ ਦੇ ਤਿੰਨ ਦੋਸਤਾਂ ਦੀ ਮੌਤ



ਗੁਰਦਾਸਪੁਰ, 26 ਜੁਲਾਈ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਦੇ ਚੰਬਾ ਨੇੜੇ ਸੜਕ ਹਾਦਸੇ ਵਿੱਚ ਮਾਰੇ ਗਏ ਪੰਜ ਲੋਕਾਂ ਵਿੱਚੋਂ ਤਿੰਨ ਗੁਰਦਾਸਪੁਰ ਨਾਲ ਸਬੰਧਤ ਨਿਕਲੇਹਨ। ਬਾਕੀ ਦੋ ਮ੍ਰਿਤਕ ਹਿਮਾਚਲ ਪ੍ਰਦੇਸ਼ ਦੇ ਸਨ। ਇਨ੍ਹਾਂ ਵਿੱਚੋਂ ਗੁਰਦਾਸਪੁਰ ਵਾਸੀ ਰਾਜੀਵ ਸ਼ਰਮਾ, ਅਮਰਜੀਤ ਸਿੰਘ ਅਤੇ ਦੀਨਾਨਗਰ ਦਾ ਮਨਮੋਹਨ ਸਾਰੰਗਲ ਹਨ। ਰਾਜੀਵ ਸ਼ਰਮਾ ਬੀਮਾ ਕੰਪਨੀ ਵਿੱਚ ਕੰਮ ਕਰਦਾ ਸੀ, ਮਨਮੋਹਨ ਸਾਰੰਗਲ ਲੋਕ ਨਿਰਮਾਣ ਵਿਭਾਗ ਦਾ ਐਕਸੀਅਨ ਸੀ ਅਤੇ ਅਮਰਜੀਤ ਸਿੰਘ ਕੁਝ ਦਿਨ ਪਹਿਲਾਂ ਅਮਰੀਕਾ ਤੋਂ ਗੁਰਦਾਸਪੁਰ ਆਇਆ ਸੀ। ਇਹ ਹਾਦਸਾ ਐਤਵਾਰ ਸ਼ਾਮ ਕਰੀਬ ਚਾਰ ਵਜੇ ਚੰਬਾ ਨੇੜੇ ਵਾਪਰਿਆ, ਜਦੋਂ ਤੀਸਾ ਤੋਂ ਚੁਰਾਹ ਸਾਚਪਾਸ ਪਾਂਗੀ ਮਾਰਗ ਉੱਤੇ ਸਤਰੁੰਡੀ ਕੋਲ ਧੁੰਦ ਕਾਰਨ ਬਲੈਰੋ ਗੱਡੀ ਕੰਟਰੋਲ ਤੋਂ ਬਾਹਰ ਹੋ ਕੇ ਡੂੰਘੀ ਖੱਡ ਵਿੱਚ ਜਾ ਡਿੱਗੀ ਅਤੇ ਪੰਜ ਜਣਿਆਂ ਦੀ ਮੌਤ ਹੋ ਗਈ। ਹਾਦਸੇ ਵਿੱਚ ਦੋ ਜਣੇ ਜ਼ਖਮੀਹੋਏ ਹਨ।ਮਿਲੀ ਜਾਣਕਾਰੀ ਅਨੁਸਾਰ ਕਰੀਬ ਮਹੀਨਾ ਪਹਿਲਾਂ ਚੰਬਾ ਨੇੜੇ ਟਾਟਾ ਸੂਮੋ ਗੱਡੀ ਹਾਦਸੇ ਦਾ ਸ਼ਿਕਾਰ ਹੋ ਗਈ ਸੀ, ਜਿਸ ਦੇ ਬੀਮਾ ਕਲੇਮ ਦੀ ਸੈਟਲਮੈਂਟ ਲਈ ਇਹ ਸਾਰੇ ਜਣੇ ਤੀਸਾ ਤੋਂ ਬਗੋਟੂ ਗਏ ਸਨ। ਹਾਦਸੇ ਬਾਰੇ ਇੱਕ ਢਾਬੇ ਦੇ ਮਾਲਕ ਨੇ ਪੁਲਸ ਨੂੰ ਦੱਸਿਆ। ਹਾਦਸੇ ਦਾ ਸ਼ਿਕਾਰ ਹੋਣ ਵਾਲਿਆਂ ਨੂੰ ਚੰਬਾ ਦੇ ਮੈਡੀਕਲ ਕਾਲਜ ਪਹੁੰਚਾਇਆ ਗਿਆ, ਪਰ ਪੰਜ ਜਣਿਆਂ ਦੀ ਮੌਕੇ ਉੱਤੇ ਮੌਤ ਹੋ ਚੁੱਕੀ ਸੀ।

## ਕਤਲ ਕੀਤੇ ਨੌਜਵਾਨ ਦੀ ਅੱਧ ਸੜੀ ਲਾਸ਼ ਮਿਲੀ



ਆਦਮਪੁਰ ਦੋਆਬਾ, 26 ਜੁਲਾਈ (ਪੋਸਟ ਬਿਊਰੋ)- ਥਾਣਾ ਆਦਮਪੁਰ ਦੇ ਪਿੰਡ ਜਲਭੈ ਦੇ ਨੌਜਵਾਨ ਲਵਲੀਨ ਕੁਮਾਰ (32) ਦੀ ਲਾਸ਼ ਛੱਪੜ ਕੰਡਿਓਂ ਮਿਲੀ ਹੈ, ਜਿਸ ਬਾਰੇ ਪੁਲਸ ਜਾਂਚ ਕਰ ਰਹੀ ਹੈ। ਮ੍ਰਿਤਕ ਲਵਲੀਨ ਕੁਮਾਰ ਵਾਸੀ ਲੰਮਾ, ਜਲੰਧਰ,ਮੌਜੂਦਾ ਵਾਸੀ ਜਲਭੈ ਦੇ ਪਿਤਾ ਜੋਗਿੰਦਰ ਕੁਮਾਰ ਨੇ ਦੱਸਿਆ ਕਿ ਲਵਲੀਨ ਪਿਛਲੇ ਕੁਝ ਸਮੇਂ ਤੋਂ ਪਿੰਡ ਜਲਭੈ ਵਿੱਚ ਵਿਦੇਸ਼ ਗਏ ਇੱਕ ਵਿਅਕਤੀ ਦੀ ਕੋਠੀ ਵਿੱਚ ਕੇਅਰਟੇਕਰ ਵਜੋਂ ਰਹਿ ਰਿਹਾ ਸੀ। ਪਰਸੋਂ ਰਾਤ ਉਹ ਘਰੋਂ ਇਹ ਕਹਿ ਕੇ ਗਿਆ ਕਿ ਉਸ ਨੂੰ ਟੈਲੀਫੋਨ ਆਇਆ ਹੈ ਅਤੇ ਬਾਹਰ ਉਸ ਦੇ ਦੋਸਤ ਉਸ ਨੂੰ ਮਿਲਣ ਆਏ ਹਨ। ਉਹ ਜਾਣ ਵੇਲੇ 10 ਹਜ਼ਾਰ ਰੁਪਏ ਦੇ ਕਰੀਬ ਨਗਦੀ ਨਾਲ ਲੈ ਗਿਆ ਤੇ ਘਰ ਵਾਪਸ ਨਹੀਂ ਆਇਆ। ਉਸ ਨੂੰ ਸਾਰੀ ਰਾਤ ਲੱਭਦੇ ਰਹੇ, ਪਰ ਉਹ ਨਹੀਂ ਮਿ-ਲਿਆ।ਕੱਲ੍ਹ ਸਵੇਰੇ ਕਿਸੇ ਨੇ ਸੂਚਨਾ ਦਿੱਤੀ ਕਿ ਪਿੰਡ ਦੇ ਛੱਪੜ ਕੰਢੇ ਲਾਸ਼ ਪਈ ਹੈ। ਜਾ ਕੇ ਦੇਖਿਆ ਤਾਂ ਅੱਧ ਸੜੀ ਲਾਸ਼ ਲਵਲੀਨ ਦੀ ਸੀ। ਉਸ ਦੇ ਮੂੰਹ ਵਿੱਚ ਕੱਪੜਾ ਪਾਇਆ ਹੋਇਆ ਸੀ ਅਤੇ ਸਿਰ ਦੇ ਪਿਛਲੇ ਪਾਸੇ ਗਹਿਰੀ ਸੱਟ ਦੇ ਨਿਸ਼ਾਨ ਸਨ, ਜਿਸ ਤੋਂ ਸਾਫ ਹੈ ਕਿ ਉਸ ਦਾ ਕਿਸੇ ਨੇ ਕਤਲ ਕਰ ਦਿੱਤਾ ਹੈ। ਇਸ ਬਾਰੇ ਥਾਣਾ ਆਦਮਪੁਰ ਨੂੰ ਸੂਚਨਾ ਮਿਲੀ ਤਾਂ ਥਾਣਾ ਮੁਖੀ ਪੁਲਸ ਪਾਰਟੀ ਸਮੇਤ ਮੌਕੇ ਉੱਤੇ ਪਹੁੰਚੇ।

## ਉੱਘੇ ਪੱਤਰਕਾਰ ਅਮਰ ਸਿੰਘ ਦਾ ਅੰਤਿਮ ਸਸਕਾਰ

### ਸੂਚਨਾ ਅਤੇ ਲੋਕ ਸੰਪਰਕ ਵਿਭਾਗ ਦੇ ਸਕੱਤਰ ਵੱਲੋਂ ਮ੍ਰਿਤਕ ਦੇਹ ਉੱਤੇ ਰੀਥ ਅਤੇ ਜ਼ਿਲਾ ਪ੍ਰਸ਼ਾਸਨ ਵੱਲੋਂ ਦੁਸ਼ਾਲਾ ਪਾਇਆ

ਮੋਗਾ, 26 ਜੁਲਾਈ (ਪੋਸਟ ਬਿਊਰੋ): ਉੱਘੇ ਪੱਤਰਕਾਰ ਅਮਰ ਸਿੰਘ, ਜਿਨ੍ਹਾਂ ਦਾ ਬੀਤੇ ਦਿਨ ਦਿਹਾਂਤ ਹੋ ਗਿਆ ਸੀ, ਦਾ ਅੰਤਿਮ ਸਸਕਾਰ ਸਥਾਨਕ ਗਾਂਧੀ ਰੋਡ ਸਮਸ਼ਾਨਘਾਟ ਵਿਖੇ ਕੀਤਾ ਗਿਆ। ਅਮਰ ਸਿੰਘ 92 ਸਾਲ ਦੇ ਸਨ। ਉਹ ਆਪਣੇ ਪਿੱਛੇ ਤਿੰਨ ਧੀਆਂ ਛੱਡ ਗਏ ਹਨ।

ਇਸ ਮੌਕੇ ਮੋਗਾ ਦੇ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਸ੍ਰ ਪ੍ਰਭਦੀਪ ਸਿੰਘ ਨੱਥੋਵਾਲ ਨੇ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਦੇ ਸਕੱਤਰ ਗੁਰਕਿਰਤ ਕਿਰਪਾਲ ਸਿੰਘ ਦੀ ਤਰਫ਼ੋਂ ਮ੍ਰਿਤਕ ਦੇਹ ਉੱਤੇ ਰੀਥ ਚੜ੍ਹਾਈ ਅਤੇ ਜ਼ਿਲਾ ਪ੍ਰਸ਼ਾਸਨ ਵੱਲੋਂ ਦੁਸ਼ਾਲਾ ਪਾਇਆ ਗਿਆ।



ਇਸ ਮੌਕੇ ਦੁਖੀ ਪਰਿਵਾਰ ਨਾਲ ਦਿਲੀ ਹਮਦਰਦੀ ਪ੍ਰਗਟ ਕਰਦਿਆਂ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਦੇ ਸਕੱਤਰ ਗੁਰਕਿਰਤ ਕਿਰਪਾਲ ਸਿੰਘ ਅਤੇ ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨੇ ਦੁੱਖ ਦੀ ਇਸ ਘੜੀ ਵਿੱਚ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਅਤੇ ਸਕੇ-ਸਨੇਹੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਅਤੇ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਬਖਸ਼ਣ ਲਈ ਪ੍ਰਮਾਤਮਾ ਅੱਗੇ ਅਰਦਾਸ ਕੀਤੀ। ਚਿਤਾ ਨੂੰ ਅਗਨੀ ਅਮਰ ਸਿੰਘ ਦੀਆਂ ਪੁੱਤਰੀਆਂ ਮਨਜਿੰਦਰ ਕੌਰ ਅਤੇ ਰੂਪਾ ਜੈਰਾਜ ਹੰਸਪਾਲ ਨੇ ਦਿਖਾਈ। ਇਸ ਮੌਕੇ ਸਾਬਕਾ ਵਿਧਾਇਕ ਡਾਕਟਰ ਹਰਜੋਤ ਕਮਲ, ਸਾਬਕਾ ਵਿਧਾਇਕ ਵਿਜੇ ਸਾਥੀ, ਗਿਆਨ ਸਿੰਘ ਸਾਬਕਾ ਡੀ ਪੀ ਆਰ ਓ, ਹੋਰ ਕਈ ਸੰਸਥਾਵਾਂ, ਪੱਤਰਕਾਰਾਂ, ਸ਼ਹਿਰ ਵਾਸੀਆਂ ਅਤੇ ਪ੍ਰਮੁੱਖ ਸਖਸ਼ੀਅਤਾਂ ਵੱਲੋਂ ਵੀ ਸ਼ਰਧਾ ਅਤੇ ਸਤਿਕਾਰ ਭੇਟ ਕੀਤਾ ਗਿਆ।

ਮਹਿਬੂਬਾ ਮੁਫ਼ਤੀ ਨੇ ਕਿਹਾ:

# ਰਾਮਨਾਥ ਕੋਵਿੰਦ ਨੇ ਸੰਵਿਧਾਨ ਦੇ ਨਾਂਅ ਉੱਤੇ ਭਾਜਪਾ ਦਾ ਸਿਆਸੀ ਏਜੰਡੇ ਨੂੰ ਪੂਰਾ ਕੀਤਾ



ਸ੍ਰੀਨਗਰ, 26 ਜੁਲਾਈ (ਪੋਸਟ ਬਿਊਰੋ)- ਪੀ ਡੀ ਪੀ ਪਾਰਟੀ ਦੀ ਮੁਖੀ ਅਤੇ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਉੱਤੇ ਸਵਾਲ ਚੁੱਕੇ ਹਨ। ਉਨ੍ਹਾਂ ਨੇ ਕੱਲ੍ਹ ਏਥੇ ਕਿਹਾ ਕਿ ਸਾਬਕਾ ਰਾਸ਼ਟਰਪਤੀ (ਰਾਮਨਾਥ ਕੋਵਿੰਦ) ਇੱਕ ਅਜਿਹੀ ਵਿਰਾਸਤ ਛੱਡ ਗਏ ਹਨ, ਜਿਸ ਵਿੱਚ ਦੇਸ਼ ਦੇ ਸੰਵਿਧਾਨ ਨੂੰ 'ਕੁਚਲਿਆ ਗਿਆ', ਕਿਉਂਕਿ ਉਨ੍ਹਾਂ ਨੇ "ਭਾਜਪਾ ਦੇ ਸਿਆਸੀ ਏਜੰਡੇ ਨੂੰ ਪੂਰਾ ਕੀਤਾ।"

ਦ੍ਰੋਪਦੀ ਮੁਰਮੂ ਵੱਲੋਂ ਕੱਲ੍ਹ ਦੇਸ਼ ਦੇ 15ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁਕਣ ਦੇ ਤੁਰੰਤ ਪਿੱਛੋਂ ਮਹਿਬੂਬਾ ਮੁਫ਼ਤੀ ਨੇ ਟਵੀਟ ਕੀਤਾ, "ਸਾਬਕਾ ਰਾਸ਼ਟਰਪਤੀ ਪਿੱਛੇ ਅਜਿਹੀ ਵਿਰਾਸਤ ਛੱਡ ਕੇ ਜਾ ਰਹੇ ਹਨ, ਜਿਸ ਵਿੱਚ ਭਾਰਤੀ ਸੰਵਿਧਾਨ ਨੂੰ ਕਈ ਵਾਰ ਕੁਚਲਿਆ ਗਿਆ। ਭਾਵੇਂ ਉਹ, ਧਾਰਾ 370 ਹੋਵੇ, ਨਾਗਰਿਕਤਾ ਕਾਨੂੰਨ ਹੋਵੇ, ਘੱਟ ਗਿਣਤੀਆਂ ਜਾਂ ਦਲਿਤਾਂ ਨੂੰ ਨਿਸ਼ਾਨਾ ਬਣਾਉਣਾ ਹੋਵੇ, ਉਨ੍ਹਾਂ ਨੇ ਭਾਰਤੀ ਸੰਵਿਧਾਨ ਦੀ ਕੀਮਤ ਉੱਤੇ ਭਾਜਪਾ ਦੇ ਸਿਆਸੀ ਮਕਸਦਾਂ ਨੂੰ ਪੂਰਾ ਕੀਤਾ।" ਇਸ ਤੋਂ ਪਹਿਲਾਂ ਮਹਿਬੂਬਾ ਨੇ ਕੱਲ੍ਹ ਜੰਮੂ-ਕਸ਼ਮੀਰ ਪ੍ਰਸ਼ਾਸਨ ਉੱਤੇ ਹਰ ਘਰਤਿਰੰਗਾ ਮੁਹਿੰਮ ਲਈ ਲੋਕਾਂ ਨੂੰ ਰਾਸ਼ਟਰੀ ਝੰਡਾ ਖ਼ਰੀਦਣ ਲਈ ਮਜ਼ਬੂਰ ਕਰਨ ਦਾ ਦੋਸ਼ ਲਾਇਆ ਸੀ। ਉਨ੍ਹਾਂ ਕਿਹਾ ਕਿ ਦੇਸ਼ ਭਗਤੀ ਕੁਦਰਤੀ ਤੌਰ ਉੱਤੇ ਆਉਂਦੀ ਹੈ ਅਤੇ ਇਸ ਨੂੰ ਥੋਪਿਆ ਨਹੀਂ ਜਾ ਸਕਦਾ।

# ਮਿਆਮੀ ਜਾ ਰਹੀ ਪ੍ਰਵਾਸੀਆਂ ਦੀ ਕਿਸ਼ਤੀ ਪਲਟੀ, 17 ਮੌਤਾਂ





ਮੈਕਸੀਕੋ ਸਿਟੀ, 26 ਜੁਲਾਈ (ਪੋਸਟ ਬਿਊਰੋ)- ਬਹਾਮਾਸ ਨੇੜੇ ਕੱਲ੍ਹ ਤੜਕੇ ਹੈਤੀ ਸ਼ਰਨਾਰਥੀ ਲੈ ਕੇ ਜਾਂਦੀ ਕਿਸ਼ਤੀ ਪਲਟ ਜਾਣ ਕਾਰਨ ਘੱਟੋ-ਘੱਟ 17 ਲੋਕਾਂ ਦੀ ਮੌਤ ਹੋ ਗਈ, ਪਰ 25 ਹੋਰਾਂ ਨੂੰ ਬਚਾਅ ਲਿਆ ਗਿਆ।

ਇਹ ਕਿਸ਼ਤੀ ਨਿਊ ਪ੍ਰੋਵੀਡੈਂਸ ਤੋਂ ਕਰੀਬ ਸੱਤ ਮੀਲ ਦੂਰ ਪਲਟ ਗਈ। ਪ੍ਰਧਾਨ ਮੰਤਰੀ ਫਿਲਿਪ ਬ੍ਰੇਵ ਡੇਵਿਸ ਨੇ ਇੱਕ ਬਿਆਨ ਵਿੱਚ ਕਿਹਾ ਕਿ ਮ੍ਰਿਤਕਾਂ ਵਿੱਚ 15 ਔਰਤਾਂ, ਇੱਕ ਪੁਰਸ਼ ਅਤੇ ਇੱਕ ਬੱਚਾ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਬਚਾਏ ਗਏ ਲੋਕ ਸਿਹਤ ਵਿਭਾਗ ਦੀ ਨਿਗਰਾਨੀ ਹੇਠ ਹਨ। ਡੇਵਿਸ ਨੇ ਕਿਹਾ ਕਿ ਜਾਂਚਕਰਤਾਵਾਂ ਦੇ ਅਨੁਸਾਰ ਦੋਹਰੇ ਇੰਜਣ ਵਾਲੀ ਕਿਸ਼ਤੀ ਸਾਫ ਤੌਰ ਉਤੇ ਕੱਲ੍ਹ ਦੁਪਹਿਰੇ ਇੱਕ ਵਜੇ ਦੇ ਕਰੀਬ ਬਹਾਮਾਸ ਤੋਂ ਮਿਆਮੀ ਲਈ ਰਵਾਨਾ ਹੋਈ, ਜਿਸ ਵਿੱਚ ਘੱਟੋ-ਘੱਟ 60 ਲੋਕ ਸਵਾਰ ਸਨ। ਉਨ੍ਹਾਂ ਕਿਹਾ ਕਿ ਇਹ ਪਤਾ ਲਾਉਣ ਲਈ ਅਪਰਾਧਕ ਜਾਂਚ ਸ਼ੁਰੂ ਕੀਤੀ ਗਈ ਹੈ ਕਿ ਕੀ ਇਹ ਮਨੁੱਖੀ ਤਸਕਰੀ ਦਾ ਮਾਮਲਾ ਤਾਂ ਨਹੀਂ। ਡੇਵਿਸ ਨੇ ਕਿਹਾ, "ਸਾਡੀ ਸਰਕਾਰ ਅਤੇ ਬਹਾਮਾਸ ਦੇ ਲੋਕਾਂ ਵੱਲੋਂ ਮੈਂ ਇਸ ਦੁਖਾਂਤ ਦੇ ਮ੍ਰਿਤਕਾਂ ਦੇ ਪਰਵਾਰਾਂ ਪ੍ਰਤੀ ਹਮਦਰਦੀ ਪ੍ਰਗਟ ਕਰਦਾ ਹਾਂ। ਸੱਤਾ ਵਿੱਚ ਆਉਣ ਵੇਲੇ ਤੋਂ ਹੀ ਮੇਰੀ ਸਰਕਾਰ ਇਨ੍ਹਾਂ ਯਾਤਰਾਵਾਂ ਵਿਰੁੱਧ ਚੇਤਾਵਨੀ ਦੇ ਰਹੀ ਹੈ।" ਹੈਤੀ ਵਿੱਚ ਕਤਲਾਂ , ਅਗਵਾ ਅਤੇ ਵੱਖ-ਵੱਖ ਗੈਂਗ ਹਿੰਸਾਵਾਂ ਵਿੱਚ ਵਾਧਾ ਹੋਣ ਕਾਰਨ ਵੱਡੀ ਗਿਣਤੀ ਵਿੱਚ ਲੋਕ ਦੇਸ਼ ਛੱਡ ਰਹੇ ਹਨ।

# ਆਧਾਰ ਨੂੰ ਵੋਟਰ ਕਾਰਡ ਨਾਲ ਜੋੜਨ ਵਾਸਤੇ ਸੁਰਜੇਵਾਲਾ ਨੂੰ ਹਾਈ ਕੋਰਟ ਜਾਣ ਦੀ ਸਲਾਹ

ਨਵੀਂ ਦਿੱਲੀ, 26 ਜੁਲਾਈ (ਪੋਸਟ ਬਿਊਰੋ)- ਵੋਟਰ ਸੂਚੀ ਨੂੰ ਆਧਾਰ ਨਾਲ ਜੋੜਨ ਸਬੰਧੀ ਚੋਣ ਕਾਨੂੰਨ (ਸੋਧ) ਐਕਟ 2021 ਨੂੰ ਚੁਣੌਤੀ ਦੇਣ ਵਾਲੇ ਕਾਂਗਰਸ ਆਗੂ ਰਣਦੀਪ ਸਿੰਘ ਸੁਰਜੇਵਾਲਾ ਨੂੰ ਸੁਪਰੀਮ ਕੋਰਟ ਨੇ ਹਾਈ ਕੋਰਟ ਜਾਣ ਲਈ ਨੂੰ ਹੈ। ਜਸਟਿਸ ਡੀ ਵੀ ਵਾਈ ਚੰਦਰਚੂੜ ਅਤੇ ਜਸਟਿਸ ਏ ਐਸ ਬੋਪੰਨਾ ਦੇ ਬੈਂਚ ਨੇ ਸੁਰਜੇਵਾਲਾ ਦੇ ਵਕੀਲ ਨੂੰ ਪੁੱਛਿਆ ਕਿ ਉਨ੍ਹਾਂ ਪਹਿਲਾਂ ਹਾਈ ਕੋਰਟ ਕਿਉਂ ਨਾਗਏ? ਬੈਂਚ ਨੇ ਕਿਹਾ, ਤੁਸੀਂ ਦਿੱਲੀ ਹਾਈ ਕੋਰਟ ਕੋਲ ਪਹੁੰਚ ਕਿਉਂ ਨਹੀਂ ਕਰਦੇ? ਤੁਹਾਡੇ ਕੋਲ ਬਰਾਬਰ ਮੌਕਾ ਹੋਵ-ੇਗਾ। ਤੁਸੀਂ ਚੋਣ ਕਾਨੂੰਨ (ਸੋਧ) ਐਕਟ 2021 ਦੀ ਧਾਰਾ ਚਾਰ ਅਤੇ ਪੰਜ ਨੂੰ ਚੁਣੌਤੀ ਦੇ ਰਹੇ ਹੋ, ਤੁਸੀਂ ਇੱਥੇ ਕਿਉਂ ਆਏ? ਤੁਸੀਂ ਦਿੱਲੀ ਹਾਈ ਕੋਰਟ ਜਾ ਸਕਦੇ ਹੋ।

ਕਾਂਗਰਸ ਆਗੂ ਵੱਲੋਂ ਪੇਸ਼ ਹੋਏ ਵਕੀਲ ਨੇ ਕਿਹਾ ਕਿ ਮਹੀਨੇ ਅੰਦਰ ਤਿੰਨ ਵੱਖ-ਵੱਖ ਰਾਜਾਂ ਵਿੱਚ ਚੋਣਾਂ ਹੋਣੀਆਂ ਹਨ।ਬੈਂਚ ਨੇ ਕਿਹਾ, ਕਾਨੂੰਨ ਵਿੱਚਪੇਸ਼ ਕੀਤੇ ਹੱਲ ਲਈ ਅਸੀਂ ਅਪੀਲਕਰਤਾ ਨੂੰ ਯੋਗ ਹਾਈ ਕੋਰਟ ਕੋਲ ਧਾਰਾ 226 ਦੀ ਅਪੀਲ ਦਾਇਰ ਕਰਨ ਦੀ ਖੁੱਲ੍ਹ ਦਿੰਦੇ ਹਾਂ। ਸੁਪਰੀਮ ਕੋਰਟ ਚੋਣ ਕਾਨੂੰਨ (ਸੋਧ) ਐਕਟ 2021 ਦੀ ਧਾਰਾ ਚਾਰ ਅਤੇ ਪੰਜ ਦੀ ਸੰਵਿਧਾਨਕ ਯੋਗਤਾ ਨੂੰ ਚੁਣੌਤੀ ਦੇਣ ਦੀ ਸੁਰਜੇਵਾਲਾ ਦੀ ਪਟੀਸ਼ਨ ਉੱਤੇ ਸੁਣਵਾਈ ਕਰ ਰਹੀ ਸੀ, ਜਿਸ ਵਿੱਚ ਕਿਹਾ ਗਿਆ ਹੈ ਕਿ ਸੋਧ ਦਾ ਮਕਸਦ ਦੋ ਪੂਰੀ ਤਰ੍ਹਾਂ ਵੱਖੋ-ਵੱਖਰੇ ਦਸਤਾਵੇਜ਼ਾਂ; ਰਿਹਾਇਸ਼ (ਸਥਾਈ ਜਾਂ ਆਰਜ਼ੀ) ਦੇ ਸਬੂਤ, ਆਧਾਰ ਕਾਰਡ ਅਤੇ ਨਾਗਰਿਕਤਾ ਦੇ ਸਬੂਤ ਵੋਟਰ ਪਛਾਣ ਪੱਤਰ ਨੂੰ ਜੋੜਨਾ ਹੈ। ਇਸ ਲਈ ਇਹ ਸਪੱਸ਼ਟ ਹੈ ਕਿ ਆਧਾਰ ਤੇ ਵੋਟਰ ਪਛਾਣ ਪੱਤਰ ਨੂੰ ਜੋੜਨਾ ਪੂਰੀ ਤਰ੍ਹਾਂ ਤਰਕਹੀਣ ਹੈ।

# ਗਵਰਨਰ ਅਤੇ ਰਾਜ ਸਭਾ ਮੈਂਬਰ ਬਣਾਉਣ ਦਾ ਵਾਅਦਾ ਕਰਨ ਵਾਲਾ ਗੈਂਗ ਫੜ੍ਹਿਆ



ਨਵੀਂ ਦਿੱਲੀ, 26 ਜੁਲਾਈ (ਪੋਸਟ ਬਿਊਰੋ)- ਸੀ ਬੀ ਆਈ ਨੇ ਠੱਗੀ ਦੇ ਇੱਕ ਸਨਸਨੀਖੇਜ ਕੇਸ ਦਾ ਪਰਦਾ ਫਾਸ਼ ਕੀਤਾ ਹੈ, ਜਿਸ ਵਿੱਚ ਧੋਖੇਬਾਜ਼ਾਂ ਦੇ ਇੱਕ ਗੈਂਗ ਦੇ ਮੈਂਬਰ ਗਵਰਨਰ ਅਤੇ ਰਾਜ ਸਭਾ ਮੈਂਬਰ ਬਣਵਾਉਣ ਦੇ ਨਾਂਅ ਉੱਤੇ ਵੱਡੇ ਕਾਰੋਬਾਰੀਆਂ ਤੇ ਅਮੀਰ ਲੋਕਾਂ ਤੋਂ 100-100 ਕਰੋੜ ਰੁਪਏ ਦੀ ਮੰਗ ਕਰ ਰਹੇ ਸਨ।

ਇੱਕ ਕਾਰੋਬਾਰੀ ਦੀ ਸ਼ਿਕਾਇਤ ਉੱਤੇ ਸੀ ਬੀ ਆਈ ਨੇ ਜਾਂਚ ਸ਼ੁਰੂ ਕੀਤੀ ਤਾਂ ਰਾਜ਼ ਖੁੱਲ੍ਹਦਾ ਗਿਆ ਤੇ ਗਿਰੋਹ ਦੇ ਚਾਰ ਬੰਦੇ ਫੜੇ ਗਏ। ਇਸ ਗਿਰੋਹ ਦੇ ਤਾਰ ਕਈ ਰਾਜਾਂ ਨਾਲ ਜੁੜੇ ਹਨ ਅਤੇ ਇਸ ਦੀ ਤਹਿ ਤਕ ਜਾਣ ਲਈ ਸੀ ਬੀ ਆਈ ਜਾਂਚ ਵਿੱਚ ਲੱਗੀ ਹੋਈ ਹੈ।ਸੀ ਬੀ ਆਈ ਦੇ ਬੁਲਾਰੇ ਆਰ ਸੀ ਜੋਸ਼ੀ ਨੇ ਦੱਸਿਆ ਕਿ ਏਜੰਸੀ ਨੇ ਪੰਜ ਲੋਕਾਂ ਉੱਤੇਕੇਸ ਦਰਜ ਕੀਤੀ ਹੈ ਅਤੇ ਪਿੱਛੇ ਜਿਹੇ ਦਿੱਲੀ, ਉਤਰ ਪ੍ਰਦੇਸ਼, ਮਹਾਰਾਸ਼ਟਰ ਤੇ ਕਰਨਾਟਕ ਵਿੱਚ ਸੱਤ ਥਾਵਾਂ ਉੱਤੇ ਛਾਪੇ ਵੀ ਮਾਰੇ ਸਨ। ਇਨ੍ਹਾਂ ਵਿੱਚੋਂ ਮਹਾਰਾਸ਼ਟਰ ਦੇ ਲਾਤੂਰ ਦੇ ਕਮਲਾਕਰ ਪ੍ਰੇਮ ਕੁਮਾਰ ਬਾਂਦਗਰ, ਕਰਨਾਟਕ ਦੇ ਬੇਲਗਾਮ ਦੇ ਰਵਿੰਦਰ ਵਿੱਠਲ ਨਾਇਕ ਅਤੇ ਦਿੱਲੀ ਦੇ ਮਹਿੰਦਰ ਪਾਲ ਅਰੋੜਾ ਤੇ ਅਭਿਸ਼ੇਕ ਬੂਰਾ ਨਾਂਅ ਦੇ ਚਾਰ ਦੋਸ਼ੀ ਗ੍ਰਿਫਤਾਰ ਕੀਤੇ ਗਏ ਸਨ। ਪੰਜਵਾਂ ਦੋਸ਼ੀ ਮੁਹੰਮਦ ਏਜਾਜ਼ ਅਧਿਕਾਰੀਆਂ ਉੱਤੇ ਹਮਲਾ ਕਰ ਕੇ ਭੱਜ ਗਿਆ ਸੀ।ਸੀ ਬੀ ਆਈ ਮੁਤਾਬਕ ਬਾਂਦਗਰ ਖੁਦ ਨੂੰ ਦਿੱਲੀ ਵਿਚਾਲੇ ਸੀ ਬੀ ਆਈ ਹੈਡਕੁਆਰਟਰ ਵਿੱਚ ਤੈਨਾਤ ਵੱਡੇ ਅਧਿਕਾਰੀ ਵਜੋਂ ਪੇਸ਼ ਕਰਦਾ ਸੀ ਅਤੇ ਗੈਂਗ ਦੇ ਬਾਕੀ ਮੈਂਬਰ ਕੋਈ ਵੀ ਕੰਮ ਕਰਾਉਣ ਲਈ ਲੋਕਾਂ ਨੂੰ ਝਾਂਸੇ ਵਿੱਚ ਲੈਂਦੇ ਸਨ। ਇਹ ਇੰਨੇ ਚਲਾਕ ਸਨ ਕਿ ਲੋਕਾਂ ਨੂੰ ਗਵਰਨਰ ਤੇ ਰਾਜ ਸਭਾ ਮੈਂਬਰ ਦੇ ਨਾਲ ਕੇਂਦਰ ਸਰਕਾਰ ਦੇ ਵੱਖ-ਵੱਖ ਮੰਤਰਾਲਿਆਂ ਤੇ ਵਿਭਾਗਾਂ ਹੇਠ ਚੱਲਦੇ ਸੰਗਠਨਾਂ ਦਾ ਮੁਖੀ ਬਣਾਉਣ ਦਾ ਤਕ ਦਾ ਝਾਂਸਾ ਦਿੰਦੇ ਸਨ। ਸੀ ਬੀ ਆਈ ਨੇ ਫਿਲਹਾਲ ਜਿਨ੍ਹਾਂ ਚਾਰ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ, ਉਹ ਰਾਜ ਸਭਾ ਮੈਂਬਰ ਬਣਵਾਉਣ ਲਈ 100-100 ਕਰੋੜ ਦੀ ਮੰਗ ਕਰਦੇ ਸਨ।

# ਨਿਤਿਨ ਗਡਕਰੀ ਨੇ ਰਾਜਨੀਤੀ ਛੱਡਣ ਦੀ ਇੱਛਾ ਜਤਾਈ



ਨਾਗਪੁਰ, 26 ਜੁਲਾਈ (ਪੋਸਟ ਬਿਊਰੋ)- ਕੇਂਦਰੀ ਸੜਕੀ ਆਵਾਜਾਈ ਅਤੇ ਨੈਸ਼ਨਲ ਹਾਈਵੇ ਮੰਤਰੀ ਨਿਤਿਨ ਗਡਕਰੀ ਨੇ ਦੇਸ਼ ਵਿੱਚ ਚੱਲਦੀ ਮੌਜੂਦਾ ਬ੍ਰਾਂਡ ਰਾਜਨੀਤੀ ਦੇ ਪਿਛੋਕੜ ਵਿੱਚ ਕਿਹਾ ਹੈ ਕਿ ਉਨ੍ਹਾਂ ਦੀ 'ਰਾਜਨੀਤੀ ਛੱਡਣ' ਦੀ ਇੱਛਾ ਹੁੰਦੀ ਹੈ, ਕਿਉਂਕਿ ਜ਼ਿੰਦਗੀ ਵਿੱਚ ਰਾਜਨੀਤੀ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਕਰਨ ਲਈ ਹੈ।

ਨਿਤਿਨ ਗਡਕਰੀ ਮਹਾਰਾਸ਼ਟਰ ਦੇ ਨਾਗਪੁਰ ਵਿੱਚ 75 ਸਾਲਾ ਸੋਸ਼ਲ ਵਰਕਰ ਗਿਰੀਸ਼ ਗਾਂਧੀ ਦਾ ਸਨਮਾਨ ਕਰਨ ਲਈ ਹੋਏ ਇੱਕ ਸਮਾਗਮ ਵਿੱਚ ਬੋਲ ਰਹੇ ਸਨ।ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਰਾਏ ਹੈ ਕਿ ਰਾਜਨੀਤੀ ਸਮਾਜਿਕ ਤਬਦੀਲੀ ਬਾਰੇ ਜ਼ਿਆਦਾ ਹੋਣੀ ਚਾਹੀਦੀ ਹੈ, ਪਰ ਇਹ ਸੱਤਾ ਦੀ ਤਲਾਸ਼ ਲਈ ਜ਼ਿਆਦਾ ਹੋ ਗਈ ਹੈ।ਲੋਕ ਜਦੋਂ ਉਨ੍ਹਾਂ ਲਈ ਵੱਡੇ ਗੁਲਦਸਤੇ ਲਿਆਉਂਦੇ ਜਾਂ ਉਨ੍ਹਾਂ ਦੇ ਪੋਸਟਰ ਲਾਉਂਦੇ ਹਨ ਤਾਂ ਉਨ੍ਹਾਂ ਨੂੰ ਇਸ ਤੋਂ 'ਨਫ਼ਰਤ' ਹੁੰਦੀ ਹੈ। ਉਨ੍ਹਾਂ ਕਿਹਾ, "ਸਾਨੂੰ ਸਮਝਣਾ ਚਾਹੀਦਾ ਹੈ ਕਿ ਰਾਜਨੀਤੀ ਦੇ ਸ਼ਬਦ ਦਾ ਅਰਥ ਕੀ ਹੈ। ਕੀ ਇਹ ਸਮਾਜ, ਦੇਸ਼ ਕਲਿਆਣ ਲਈ ਹੈ ਜਾਂ ਸਰਕਾਰ ਵਿੱਚ ਰਹਿਣ ਬਾਰੇ ਹੈ। ਜਦੋਂ ਅਸੀਂ ਮਹਾਤਮਾ ਗਾਂਧੀ ਦੇ ਦੌਰ ਦੀ ਰਾਜਨੀਤੀ ਉੱਤੇ ਨਜ਼ਰ ਮਾਰਦੇ ਹਾਂ ਤਾਂ ਇਹ ਸਮਾਜਿਕ ਅੰਦੋਲਨ ਦਾ ਹਿੱਸਾ ਸੀ, ਪਰ ਅੱਜ ਇਹ ਰਾਸ਼ਟਰ ਨਿਰਮਾਣ ਤੇ ਵਿਕਾਸ ਦੇ ਟੀਚਿਆਂ ਤੋਂ ਇਲਾਵਾ ਸੱਤਾ ਵਿੱਚ ਬਣੇ ਰਹਿਣ ਉੱਤੇ ਕੇਂਦਰਤ ਹੈ।ਗਡਕਰੀ ਨੇ ਕਿਹਾ, "ਅੱਜ ਰਾਜਨੀਤੀ ਵਿੱਚ ਜੋ ਕੁਝ ਹੁੰਦਾ ਹੈ, ਉਹ ਸਿਰਫ ਸੱਤਾ ਵਿੱਚ ਆਉਣ ਬਾਰੇ ਹੈ। ਰਾਜਨੀਤੀ ਸਮਾਜਿਕ-ਆਰਥਿਕ ਸੁਧਾਰ ਦਾ ਸਹੀ ਸਾਧਨ ਹੈ ਅਤੇ ਇਸੇ ਲਈ ਅੱਜ ਦੇ ਸਿਆਸਤਦਾਨਾਂ ਨੂੰ ਸਮਾਜ ਵਿੱਚ ਸਿੱਖਿਆ, ਕਲਾ ਆਦਿ ਦੇ ਵਿਕਾਸ ਲਈ ਕੰਮ ਕਰਨੇ ਚਾਹੀਦੇ ਹਨ।"

# ਮਿਆਂਮਾਰ ਸਰਕਾਰ ਵੱਲੋਂ ਪ੍ਰਮੁੱਖ ਲੋਕਤੰਤਰੀ ਕਾਰਕੁੰਨਾਂ ਨੂੰ ਫਾਂਸੀ

ਨੇਪੀਡਾਉ, 26 ਜੁਲਾਈ (ਪੋਸਟ ਬਿਊਰੋ)- ਮਿਆਂਮਾਰ ਦੀ ਜੁੰਟਾ ਸਰਕਾਰ ਨੇ ਚਾਰ ਲੋਕਤੰਤਰੀ ਕਾਰਕੁੰਨਾਂ ਨੂੰ ਫਾਂਸੀ ਦਿੱਤੀ ਹੈ, ਜਿਸ ਵਿੱਚ ਆਂਗ ਸਾਨ ਸੂ ਕੀ ਦੀ ਪਾਰਟੀ ਦਾ ਇੱਕ ਸਾਬਕਾ ਪਾਰਲੀਮੈਂਟ ਮੈਂਬਰ ਵੀ ਹੈ।

ਸਰਕਾਰੀ ਮੀਡੀਆ ਨੇ ਕੱਲ੍ਹ ਖ਼ਬਰ ਦਿੱਤੀ ਕਿ ਸੂ ਕੀ ਦੀ ਨੈਸ਼ਨਲ ਲੀਗ ਫ਼ਾਰ ਡੈਮੋਕਰੇਸੀ (ਐਨ ਐਲ ਡੀ) ਦੇ ਸਾਬਕਾ ਪਾਰਲੀਮੈਂਟ ਮੈਂਬਰ ਫ਼ਿਓ ਜ਼ੇਯਾ ਥੌ, ਜਿਸ ਨੂੰ ਨਵੰਬਰ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ, ਨੂੰ ਅਤਿਵਾਦ ਵਿਰੋਧੀ ਕਾਨੂੰਨਾਂ ਦੇ ਅਪਰਾਧਾਂ ਲਈ ਜਨਵਰੀ ਵਿੱਚ ਮੌਤ ਦੀ ਸਜ਼ਾ ਸੁਣਾਈ ਗਈ ਸੀ। ਪ੍ਰਸਿੱਧ ਲੋਕਤੰਤਰੀ ਕਾਰਕੁੰਨ ਕਯਾਵ ਮਿਨ ਯੂ,ਜਿਸ ਨੂੰ 'ਜਿੰਮੀ' ਕਿਹਾ ਜਾਂਦਾ ਹੈ, ਨੂੰ ਮਿਲਟਰੀ ਟ੍ਰਿਬਿਊਨਲ ਤੋਂ ਇਹੀ ਸਜ਼ਾ ਮਿਲੀ। ਦੋ ਹੋਰ ਆਦਮੀਆਂ ਅਤੇ ਇੱਕ ਔਰਤ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ, ਜਿਨ੍ਹਾਂ ਉੱਤੇ ਉਨ੍ਹਾਂ ਨੇ ਦੋਸ਼ ਲਗਾਇਆ ਸੀ ਕਿ ਉਹ ਯੰਗੂਨ ਵਿੱਚ ਜੁੰਟਾ ਲਈ ਮੁਖਬਰ ਸਨ। ਗਲੋਬਲ ਨਿਊ ਲਾਈਟ ਆਫ਼ ਮਿਆਂਮਾਰ ਅਖ਼ਬਾਰ ਨੇ ਕਿਹਾ ਕਿ ਚਾਰਾਂ ਨੂੰ ਬੇਰਹਿਮੀ ਅਤੇ ਅਣਮਨੁੱਖੀ ਦਹਿਸ਼ਤੀ ਕਾਰਵਾਈਆਂ ਦੀ ਅਗਵਾਈ ਕਰਨ ਲਈ ਫਾਂਸੀ ਦਿੱਤੀ ਗਈ। ਅਖ਼ਬਾਰ ਨੇ ਕਿਹਾ ਕਿ ਚਾਰ ਆਦਮੀਆਂ ਨੂੰ ਕਦੋਂ ਅਤੇ ਕਿਵੇਂ ਮਾਰਿਆ ਗਿਆ ਸੀ, ਇਹ ਦੱਸੇ ਬਿਨਾਂ ਜੇਲ੍ਹ ਦੀ ਪ੍ਰਕਿਰਿਆ ਤਹਿਤ ਫਾਂਸੀ ਦਿੱਤੀ ਗਈ।ਜੁੰਟਾ ਨੇ ਪਿਛਲੇ ਸਾਲ ਸੱਤਾ ਸੰਭਾਲਣ ਪਿੱਛੋਂ ਅਸਹਿਮਤੀ ਉਤੇ ਕਾਰਵਾਈ ਦੇ ਹਿੱਸੇ ਵਜੋਂ ਤਖ਼ਤਾਪਲਟ ਵਿਰੋਧੀ ਦਰਜਨਾਂ ਕਾਰਕੁੰਨਾਂ ਨੂੰ ਮੌਤ ਦੀ ਸਜ਼ਾ ਸੁਣਾਈ ਹੈ ਪਰ ਮਿਆਂਮਾਰ ਵਿੱਚ ਦਹਾਕਿਆਂ ਤੋਂ ਫਾਂਸੀ ਨਹੀਂ ਦਿੱਤੀ ਗਈ ਹੈ। ਅੰਤਰਰਾਸ਼ਟਰੀ ਸ਼ਕਤੀਆਂ ਨੇ ਜੁੰਟਾ ਦੀ ਭਾਰੀ ਆਲੋਚਨਾ ਕੀਤੀ ਸੀ, ਜਦੋਂ ਉਨ੍ਹਾਂ ਨੇ ਪਿਛਲੇ ਮਹੀਨੇ ਫਾਂਸੀ ਦੇਣ ਦੇ ਇਰਾਦੇ ਦਾ ਐਲਾਨ ਕੀਤਾ ਸੀ।

# ਡਬਲ ਡੈਕਰ ਬੱਸਾਂ ਦੀ ਟੱਕਰ ਵਿੱਚ 8 ਮੌਤਾਂ



ਬਾਰਾਬੰਕੀ (ਯੂ ਪੀ), 26 ਜੁਲਾਈ (ਪੋਸਟ ਬਿਊਰੋ)- ਇੱਥੇ ਪੂਰਵਾਂਚਲ ਐਕਸਪ੍ਰੈਸਵੇਅ ਉਤੇ ਕੱਲ੍ਹ ਸਵੇਰੇ ਬਿਹਾਰ ਦੇ ਸੀਤਾਮੜ੍ਹੀ ਤੋਂ ਆਈ ਡਬਲ ਡੈਕਰ ਬੱਸ ਨੇ ਐਕਸਪ੍ਰੈਸਵੇਅ ਉੱਤੇ ਖੜ੍ਹੀ ਇੱਕ ਹੋਰ ਡਬਲ ਡੈਕਰ ਬੱਸ ਨੂੰ ਪਿੱਛੋਂ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿੱਚ ਅੱਠ ਵਿਅਕਤੀ ਮਾਰੇ ਗਏ, ਜਦ ਕਿ 16 ਹੋਰ ਜ਼ਖਮੀ ਹੋ ਗਏ।

ਇਸ ਬਾਰੇ ਬਾਰਾਬੰਕੀ ਦੇ ਐਡੀਸ਼ਨਲ ਐਸ ਪੀ ਮਨੋਜ ਪਾਂਡੇ ਨੇ ਦੱਸਿਆ ਕਿ ਇਹ ਹਾਦਸਾ ਲੋਨੀ ਕਤਰਾ ਥਾਣੇ ਦੇ ਪਿੰਡ ਨਰੇਂਦਰਪੁਰ ਮਦਰਾਹਾ ਨੇੜੇ ਸ਼ਾਇਦ ਡਰਾਈਵਰ ਨੂੰ ਨੀਂਦ ਆਉਣ ਨਾਲ ਵਾਪਰਿਆ ਹੈ। ਪੁਲਸ ਅਫਸਰ ਨੇ ਕਿਹਾ ਕਿ ਜ਼ਖਮੀਆਂ ਨੂੰ ਹੈਦਰਗੜ੍ਹ ਦੇ ਜਨ ਸਿਹਤ ਕੇਂਦਰ ਵਿੱਚ ਦਾਖਲ ਕਰਵਾਇਆ ਗਿਆ ਹੈ। ਇਨ੍ਹਾਂ ਵਿੱਚੋਂ ਗੰਭੀਰ ਜ਼ਖਮੀਆਂ ਨੂੰ ਲਖਨਊ ਦੇ ਟਰੌਮਾ ਸੈਂਟਰ ਭੇਜ ਦਿੱਤਾ ਗਿਆ ਹੈ।

# ਵੇਸਵਾਗਿਰੀ ਦੇ ਦੋਸ਼ੀ ਭਾਜਪਾ ਆਗੂ ਦੇ ਗੈਰ ਜ਼ਮਾਨਤੀ ਵਾਰੰਟ ਨਿਕਲੇ

* ਪੁਲਸ ਨੇ ਭਾਜਪਾ ਨੇਤਾ ਦੀ ਇਮਾਰਤ ਤੋਂ 6 ਨਾਬਾਲਿਗ ਛੁਡਵਾਏ



ਸ਼ਿਲੌਂਗ, 26 ਜੁਲਾਈ (ਪੋਸਟ ਬਿਊਰੋ)- ਮੇਘਾਲਿਆ ਦੇ ਤੁਰਾ ਸ਼ਹਿਰ ਵਿੱਚ ਵੇਸਵਾਗਿਰੀ ਦਾ ਅੱਡਾ ਚਲਾਉਣ ਦੇ ਦੋਸ਼ਾਂ ਵਿੱਚ ਘਿਰੇ ਭਾਜਪਾ ਨੇਤਾ ਬਰਨਾਰਡ ਐਨ ਮਾਰਕ ਦੇ ਗੈਰ ਜ਼ਮਾਨਤੀ ਵਾਰੰਟ ਜਾਰੀ ਹੋ ਗਏ ਹਨ। ਮਾਰਕ ਦੋਸ਼ ਲੱਗਣ ਤੋਂ ਬਾਅਦ ਭਗੌੜਾ ਹੋ ਗਿਆ ਹੈ। ਚੀਫ ਜੁਡੀਸ਼ੀਅਲ ਮੈਜਿਸਟਰੇਟ ਨੇ ਵਾਰੰਟ ਜਾਰੀ ਕੀਤੇ ਅਤੇ ਮਾਰਕ ਨੂੰ ਗ੍ਰਿਫ਼ਤਾਰ ਕਰਨ ਲਈ ਪੁਲਸ ਛਾਪੇ ਮਾਰਨ ਦੇ ਕੰਮ ਵੀ ਲੱਗ ਗਈ ਸੁਣੀਂਦੀ ਹੈ।

ਇਸ ਸੰਬੰਧ ਵਿੱਚ ਭਾਜਪਾ ਆਗੂ ਬਰਨਾਰਡ ਮਾਰਕ ਨੇ ਮੇਘਾਲਿਅਲਾ ਦੇ ਮੁੱਖ ਮੰਤਰੀ ਕੋਨਾਰਡ ਕੇ ਸੰਗਮਾ ਉੱਤੇ ਸਿਆਸੀ ਬਦਲਾਖੋਰੀ ਦਾ ਦੋਸ਼ ਲਾਇਆ ਤੇ ਜਾਨ ਨੂੰ ਖਤਰਾ ਦੱਸਿਆ ਹੈ, ਪਰ ਸਰਕਾਰ ਨੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਇਸੇ ਦੌਰਾਨ ਭਾਜਪਾ ਨੇ ਆਪਣੇ ਆਗੂ ਦਾ ਬਚਾਅ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਨੂੰ ਫਸਾਇਆ ਗਿਆ ਹੈ ਤੇ ਉਨ੍ਹਾਂ ਉਤੇ ਲੱਗੇ ਦੋਸ਼ ਵਾਪਸ ਲਏ ਜਾਣੇ ਚਾਹੀਦੇ ਹਨ। ਵਿਰੋਧੀ ਧਿਰ ਕਾਂਗਰਸ ਨੇ ਇਸ ਦੀ ਨਿਰਪੱਖ ਜਾਂਚ ਮੰਗੀ ਹੈ। ਪੁਲਸ ਨੇ ਬੀਤੇ ਸ਼ਨੀਵਾਰ ਕਿਹਾ ਸੀ ਕਿ ਉਨ੍ਹਾਂ ਤੁਰਾ ਦੇ ਬਾਹਰਵਾਰ ਈਡਨਬਾਰੀ ਵਿੱਚ ਮਾਰਕ ਦੀ ਮਾਲਕੀ ਵਾਲੇ ਫਾਰਮਹਾਊਸ ਤੋਂ ਛੇ ਨਾਬਾਲਗਾਂ ਨੂੰ ਆਜ਼ਾਦ ਕਰਾਇਆ ਅਤੇ 73 ਲੋਕਾਂ ਨੂੰ ਗ੍ਰਿਫਤਾਰ ਕੀਤਾ ਸੀ।

ਭਾਜਪਾ ਦੇ ਸੂਬਾ ਪ੍ਰਧਾਨ ਅਰਨੈਸਟ ਮਾਵਰੀ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਬਰਨਾਰਡ ਮਾਰਕ ਦੀ ਜਾਨ ਨੂੰ ਖਤਰਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਈਡਨਬਾਰੀ ਵਿੱਚ ਛਾਪੇ ਦੀ ਨਿਖੇਧੀ ਕਰਦੀ ਹੈ ਅਤੇ ਬਰਨਾਰਡ ਮਾਰਕ ਨੂੰ ਬਦਨਾਮ ਕੀਤਾ ਗਿਆ ਤੇ ਫਸਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਬਰਨਾਰਡ ਸਿਆਸੀ ਬਦਲਾਖੋਰੀ ਦੇ ਸ਼ਿਕਾਰ ਹੋਏ ਹਨ। ਭਾਜਪਾ ਸੂਬੇ ਵਿੱਚ ਨੈਸ਼ਨਲ ਪੀਪਲਜ਼ ਪਾਰਟੀ ਦੀ ਅਗਵਾਈ ਵਾਲੀ ਸੱਤਾਧਾਰੀ ਮੇਘਾਲਿਆ ਡੈਮੋਕ੍ਰੇਟਿਕ ਗੱਠਜੋੜ ਦਾ ਹਿੱਸਾ ਹੈ, ਪਰ ਪਾਰਟੀ ਨੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਇਕੱਲਿਆਂ ਲੜੀਆਂ ਸਨ। ਸਾਬਕਾ ਅੱਤਵਾਦੀ ਆਗੂ ਬਰਨਾਰਡ ਮਾਰਕ ਮੁੱਖ ਮੰਤਰੀ ਵੱਲੋਂ ਚੋਣਾਂ ਵਿੱਚ ਉਤਾਰੇ ਗਏ ਉਮੀਦਵਾਰ ਦੇ ਖਿਲਾਫ ਸੌਖੇ ਹੀ ਜਿੱਤ ਗਏ ਸਨ। ਭਾਜਪਾ ਪ੍ਰਧਾਨ ਨੇ ਸਪੱਸ਼ਟ ਕੀਤਾ ਕਿ ਈਡਨਬਾਰੀ ਵਿੱਚ ਤਿੰਨ ਮੰਜ਼ਿਲਾ ਇਮਾਰਤ ਦੀ ਪਹਿਲੀ ਮੰਜ਼ਿਲ ਉਤੇ ਤੀਹ ਕਮਰੇ ਹਨ, ਜਿਨ੍ਹਾਂ ਨੂੰ ਹੋਮਸਟੇਅ ਦੇ ਰੂਪ ਵਿੱਚ ਕਿਰਾਏ ਉਤੇ ਦਿੱਤਾ ਗਿਆ ਹੈ ਅਤੇ ਦੂਸਰੀ ਮੰਜ਼ਿਲ ਉਤੇ ਗਾਰੋ ਹਿਲਜ਼ ਦੇ ਪੱਛੜੇ ਬੱਚਿਆਂ ਦਾ ਇੱਕ ਹੋਸਟਲ ਹੈ। ਉਨ੍ਹਾ ਕਿਹਾ ਕਿ ਬਰਨਾਰਡ ਇਨ੍ਹਾਂ ਬੱਚਿਆਂ ਦੀ ਆਰਥਿਕ ਪੱਖੋਂਮਦਦ ਕਰ ਰਹੇ ਸਨ। ਮਾਵਰੀ ਨੇ ਕਿਹਾ ਕਿ ਬਰਨਾਰਡ ਉਨ੍ਹਾਂ ਛੇ ਬੱਚਿਆਂ ਵਿੱਚੋਂ ਪੰਜ ਦੀ ਮਦਦ ਕਰਦੇ ਰਹੇ ਹਨ, ਜਿਨ੍ਹਾਂ ਨੂੰ ਪੁਲਸ ਨੇ ਛੁਡਾਉਣ ਦਾ ਦਾਅਵਾ ਕੀਤਾ ਹੈ। ਸੂਬੇ ਦੀ ਭਾਜਪਾ ਦੇ ਪ੍ਰਧਾਨ ਨੇ ਕਿਹਾ ਕਿ ਰਿਜੋਰਟ ਨੂੰ ਵੇਸਵਾਗਿਰੀ ਦਾ ਅੱਡਾ ਐਲਾਨਣਾ 'ਬੇਹੱਦ ਇਤਰਾਜ਼ਯੋਗ ਤੇ ਬਰਦਾਸ਼ਤ ਤੋਂ ਬਾਹਰ ਹੈ।' ਉਨ੍ਹਾਂ ਕਿਹਾ ਕਿ ਇਹ ਪਿਛਲੇ ਤਿੰਨ ਸਾਲਾਂ ਤੋਂ ਚੱਲ ਰਿਹਾ ਹੈ ਤੇ ਕਦੇ ਵੀ ਕੋਈ ਸ਼ਿਕਾਇਤ ਨਹੀਂ ਹੋਈ।

# ਬਦਮਾਸ਼ਾਂ ਨੇ ਔਰਤ ਨੂੰ ਬੰਦੀ ਬਣਾ ਕੇ ਚਾਰ ਲੱਖ ਕੈਸ਼ ਅਤੇ 20 ਤੋਲੇ ਸੋਨਾ ਲੁੱਟਿਆ

ਪਾਣੀਪਤ, 26 ਜੁਲਾਈ (ਪੋਸਟ ਬਿਊਰੋ)- ਇਸ ਸ਼ਹਿਰ ਵਿੱਚ ਕੱਲ੍ਹ ਇੱਕ ਔਰਤ ਨੂੰ ਬੰਦੀ ਬਣਾ ਕੇ ਤਿੰਨ ਹਥਿਆਰਬੰਦ ਬਦਮਾਸ਼ ਚਾਰ ਲੱਖ ਰੁਪਏ ਕੈਸ਼ ਅਤੇ 20 ਤੋਲੇ ਸੋਨਾ ਲੁੱਟ ਕੇ ਲੈ ਗਏ।

ਮਿਲੀ ਜਾਣਕਾਰੀ ਅਨੁਸਾਰ ਪ੍ਰਕਾਸ਼ ਨਗਰ ਵਿੱਚ ਸਵੇਰੇ ਨਗਰ ਨਿਗਮ ਦਾ ਕਰਮਚਾਰੀ ਬਣ ਕੇ ਤਿੰਨ ਬਦਮਾਸ਼ ਫਾਇਨੈਂਸ ਕੰਪਨੀ ਵਿੱਚ ਕੰਮ ਕਰਦੇ ਜੁਗਨੂ ਦੇ ਘਰ ਆਏ। ਘਰ ਵਿੱਚ ਉਸ ਦੀ ਮਾਂ ਸੁਦੇਸ਼ ਸੀ। ਦੋਸ਼ੀਆਂ ਨੇ ਸੁਦੇਸ਼ ਤੋਂ ਪ੍ਰਾਪਰਟੀ ਟੈਕਸ ਬਾਰੇ ਪੁੱਛਿਆ ਅਤੇ ਫਿਰ 23 ਮਿੰਟਾਂ ਵਿੱਚ ਚਾਰ ਲੱਖ ਰੁਪਏ ਦੀ ਨਗਦੀ ਤੇ 20 ਤੋਲੇ ਸੋਨਾ ਲੁੱਟ ਕੇ ਲੈ ਗਏ। ਦੋ ਬਦਮਾਸ਼ਾਂ ਨੇ ਨਕਾਬ ਨਾਲ ਹੈਲਮੇਟ ਪਾਏ ਤੇ ਇੱਕ ਨੇ ਕੱਪੜੇ ਨਾਲ ਚਿਹਰਾ ਢਕਿਆ ਸੀ। ਥਾਣਾ ਤਹਿਸੀਲ ਕੈਂਪ ਪੁਲਸ ਨੇ ਅਣਪਛਾਤੇ ਬਦਮਾਸ਼ਾਂ ਖਿਲਾਫ ਲੁੱਟ ਸਮੇਤ ਕਈ ਧਾਰਾਵਾਂ ਵਿੱਚ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਪੀੜਤਾ 57 ਸਾਲਾ ਸੁਦੇਸ਼ ਰਾਣੀ ਨੇ ਪੁਲਸ ਨੂੰ ਦੱਸਿਆ ਕਿ ਉਸ ਦਾ ਬੇਟਾ ਜੁਗਨੂ ਅਤੇ ਨੂੰਹ ਡਿਊਟੀ ਉੱਤੇ ਗਏ ਸਨ ਤੇ ਉਹ ਘਰ ਵਿੱਚ ਇਕੱਲੀ ਸੀ। ਸਵੇਰੇ 11.27 ਵਜੇ ਤਿੰਨ ਬਦਮਾਸ਼ਾਂ ਨੇ ਘਰ ਵਿੱਚ ਆ ਕੇ ਖੁਦ ਨੂੰ ਹਾਊਸ ਟੈਕਸ ਡਿਪਾਰਟਮੈਂਟ ਤੋਂ ਹੋਣ ਬਾਰੇ ਦੱਸਿਆ। ਉਸ ਨੇ ਉਨ੍ਹਾਂ ਨੂੰ ਬੈਠਣ ਨੂੰ ਕਿਹਾ, ਪਰ ਉਹ ਨਹੀਂ ਬੈਠੇ। ਜਦੋਂ ਸੁਦੇਸ਼ ਕੁਰਸੀ ਉੱਤੇ ਬੈਠੀ ਤਾਂ ਬਦਮਾਸ਼ਾਂ ਨੇ ਉਸ ਦਾ ਮੂੰਹ ਘੁੱਟ ਕੇ ਕੁਰਸੀ ਨਾਲ ਚੁੰਨੀ ਸਮੇਤ ਹੱਥ-ਪੈਰ ਬੰਨ੍ਹ ਦਿੱਤੇ। ਇਸ ਪਿੱਛੋਂ ਉਹ ਗਹਿਣੇ-ਨਗਦੀ ਲੁੱਟ ਕੇ ਫਰਾਰ ਹੋ ਗਏ। ਸੂਚਨਾ ਮਿਲਣ ਉੱਤੇ ਏ ਐਸ ਪੀ ਨੇ ਮੌਕੇ ਉੱਤੇ ਪਹੁੰਚ ਕੇ ਘਟਨਾ ਵਾਲੀ ਜਗ੍ਹਾ ਤੋਂ ਸਬੂਤ ਇਕੱਠੇ ਕੀਤੇ। ਸੀ ਸੀ ਟੀ ਵੀ ਦੀ ਫੁਟੇਜ ਫੋਲੀ। ਗੁਰਦੁਆਰੇ ਵਿੱਚ ਲੱਗੇ ਸੀ ਸੀ ਟੀ ਵੀ ਵਿੱਚ ਦੋਸ਼ੀ ਕੈਦ ਹੋ ਗਏ। ਪੁਲਸ ਫੁਟੇਜ ਦੇ ਆਧਾਰ ਉੱਤੇ ਦੋਸ਼ੀਆਂ ਦੀ ਪਛਾਣ ਦੇ ਯਤਨ ਵਿੱਚ ਲੱਗੀ ਹੋਈ ਹੈ।

# ਪੰਜਾਬ ਤੇ ਦਿੱਲੀ ਸਰਕਾਰ ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਨੂੰ ਨਕਦ ਇਨਾਮ ਦੇਵੇਗੀ



ਨਵੀਂ ਦਿੱਲੀ, 26 ਜੁਲਾਈ (ਪੋਸਟ ਬਿਊਰੋ)- ਪੰਜਾਬ ਤੇ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀਆਂ ਸਰਕਾਰਾਂ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਨਕਦ ਇਨਾਮ ਦੇਣ ਬਾਰੇ ਸੋਚ ਰਹੀਆਂ ਹਨ ਅਤੇਅਧਿਕਾਰੀਆਂ ਮੁਤਾਬਕ ਕੇਂਦਰ ਸਰਕਾਰ ਨੂੰ ਇਸ ਵਿੱਚ ਖਰਚਾ ਸਾਂਝਾ ਕਰਨ ਦੀ ਅਪੀਲ ਕੀਤੀ ਗਈ ਹੈ।

ਭਾਰਤ ਦੀ ਰਾਸ਼ਟਰੀ ਰਾਜਧਾਨੀ ਵਿੱਚ ਅਕਤੂਬਰ ਅਤੇ ਨਵੰਬਰ ਦੇ ਮਹੀਨਿਆਂ ਵਿੱਚ ਹਵਾ ਪ੍ਰਦੂਸ਼ਣ ਦੇ ਪੱਧਰ ਵਿੱਚ ਖਤਰਨਾਕ ਵਾਧਾ ਹੋਣ ਪਿੱਛੇ ਪੰਜਾਬ ਅਤੇ ਹਰਿਆਣਾ ਵਿੱਚ ਕਿਸਾਨਾਂ ਵੱਲੋਂ ਝੋਨੇ ਦੀ ਪਰਾਲੀ ਨੂੰ ਸਾੜਨਾ ਇੱਕ ਮੁੱਖ ਕਾਰਨ ਦੱਸਿਆ ਜਾਂਦਾ ਹੈ।ਕਣਕ ਅਤੇ ਆਲੂ ਦੀ ਕਾਸ਼ਤ ਤੋਂ ਪਹਿਲਾਂ ਝੋਨੇ ਦੀ ਫਸਲ ਦੀ ਰਹਿੰਦ-ਖੂੰਹਦ ਦੇ ਜਲਦੀ ਨਿਪਟਾਰੇ ਲਈ ਕਿਸਾਨ ਆਪਣੇ ਖੇਤਾਂ ਵਿੱਚ ਪਰਾਲੀ ਨੂੰ ਅੱਗ ਲਾ ਦਿੰਦੇ ਹਨ। ਪੰਜਾਬ ਵਿੱਚ ਸਾਲਾਨਾ ਲੱਗਭਗ ਦੋ ਕਰੋੜ ਟਨ ਝੋਨੇ ਦੀ ਪਰਾਲੀ ਹੁੰਦੀ ਹੈ। ਪੰਜਾਬ ਸਰਕਾਰ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ, "ਅਸੀਂ ਝੋਨੇ ਦੀ ਪਰਾਲੀ ਨੂੰ ਸਾੜਨ ਤੋਂ ਪਰਹੇਜ਼ ਕਰਨ ਵਾਲੇ ਕਿਸਾਨਾਂ ਨੂੰ ਨਕਦ ਉਤਸ਼ਾਹੀ ਰਾਸ਼ੀ ਦੇਣ ਦੀ ਯੋਜਨਾ ਬਣਾਈ ਹੈ ਅਤੇ ਸੋਚ ਇਹ ਹੈ ਕਿ ਲਾਗਤ ਦਾ 50 ਪ੍ਰਤੀਸ਼ਤਕੇਂਦਰ ਸਰਕਾਰ ਦੇਵੇਗੀ ਅਤੇ ਪੰਜਾਬ ਅਤੇ ਦਿੱਲੀ ਇਸ ਵਿੱਚ 25-25 ਪ੍ਰਤੀਸ਼ਤ ਯੋਗਦਾਨ ਪਾਉਣਗੇ।'ਉਨ੍ਹਾਂ ਕਿਹਾ, "ਦਿੱਲੀ 25 ਫੀਸਦੀ ਲਾਗਤ ਸਹਿਣ ਕਰੇਗੀ, ਕਿਉਂਕਿ ਪਰਾਲੀ ਨੂੰ ਅੱਗ ਤੋਂ ਨਿਕਲਣ ਵਾਲਾ ਧੂੰਆਂ ਰਾਸ਼ਟਰੀ ਰਾਜਧਾਨੀ ਵਿੱਚ ਹਵਾ ਦੀ ਗੁਣਵੱਤਾ ਨੂੰ ਪ੍ਰਭਾਵਤ ਕਰਦਾ ਹੈ।"



# ਕੈਟਰੀਨਾ ਤੇ ਵਿੱਕੀ ਨੂੰ ਮਾਰਨ ਦੀ ਧਮਕੀ ਦੇਣ ਵਾਲਾ ਗ੍ਰਿਫਤਾਰ



ਮੁੰਬਈ, 26 ਜੁਲਾਈ (ਪੋਸਟ ਬਿਊਰੋ)- ਬਾਲੀਵੁੱਡ ਅਭਿਨੇਤਰੀ ਕੈਟਰੀਨਾ ਕੈਫ ਅਤੇ ਉਸ ਦੇ ਪਤੀ ਵਿੱਕੀ ਕੌਸ਼ਲ ਨੂੰ ਇੰਟਰਨੈਟ ਮੀਡੀਆ ਉੱਤੇ ਜਾਨ ਤੋਂ ਮਾਰਨ ਦੀ ਧਮਕੀ ਦੇਣ ਦੇ ਦੋਸ਼ ਵਿੱਚ ਪੁਲਸ ਨੇ ਤੀਹ ਸਾਲਾ ਕਲਾਕਾਰ ਮਾਨਵਿੰਦਰ ਸਿੰਘ ਉਰਫ ਆਦਿੱਤਯ ਰਾਜਪੂਤ ਨੂੰ ਕੱਲ੍ਹ ਗ੍ਰਿਫਤਾਰ ਕੀਤਾ ਹੈ।

ਇਸ ਬਾਰੇ ਪੁਲਸ ਸੂਤਰਾਂ ਨੇ ਕਿਹਾ ਕਿ ਦੋਸ਼ੀ ਮਾਨਵਿੰਦਰ ਕੈਟਰੀਨਾ ਨੂੰ ਇਕਤਰਫਾ ਪਿਆਰ ਕਰਦਾ ਸੀ ਤੇ ਉਸ ਨਾਲ ਵਿਆਹ ਕਰਨਾ ਚਾਹੁੰਦਾ ਸੀ। ਜਦ ਉਸ ਨੂੰ ਪਤਾ ਲੱਗਾ ਕਿ ਕੈਟਰੀਨਾ ਨੇ ਵਿੱਕੀ ਕੌਸ਼ਲ ਨਾਲ ਵਿਆਹ ਕਰ ਲਿਆ ਹੈ ਤਾਂ ਉਸ ਨੇ ਬਦਲਾ ਲੈਣ ਦਾ ਫੈਸਲਾ ਕੀਤਾ ਅਤੇ ਉਨ੍ਹਾਂ ਨੂੰ ਧਮਕੀ ਦਿੱਤੀ।ਦੋਸ਼ੀ ਨੌਜਵਾਨ ਲਖਨਊ ਦਾ ਵਾਸੀ ਹੈ ਤੇ ਉਸ ਨੇ ਆਦਿੱਤਯ ਰਾਜਪੂਤ ਨਾਂਅ ਨਾਲ ਪ੍ਰੋਫਾਈਲ ਬਣਾ ਕੇ ਕੈਟਰੀਨਾ ਕੈਫ ਨਾਲ ਆਪਣੀਆਂ ਫੋਟੋ ਨੂੰ ਕੰਪਿਊਟਰ ਦੀ ਮਦਦ ਨਾਲ ਬਦਲ ਕੇ ਇੰਟਰਨੈਟ ਮੀਡੀਆ ਉੱਤੇ ਪੋਸਟ ਕੀਤਾ। ਉਸ ਨੇ ਇਹ ਵੀ ਐਲਾਨ ਕੀਤਾ ਕਿ ਉਸ ਦੀ ਅਗਲੀ ਫਿਲਮ ਕੈਟਰੀਨਾ ਕੈਫ ਨਾਲ 'ਸੁਪਰਸਟਾਰ ਨੰਬਰ-ਵਨ' ਹੋਵੇਗੀ। ਪੁਲਸ ਨੇ ਉਸ ਦਾ ਉਹ ਮੋਬਾਈਲ ਫੋਨ ਵੀ ਬਰਾਮਦ ਕੀਤਾ ਹੈ ਜਿਸ ਤੋਂ ਫਰਜ਼ੀ ਪ੍ਰੋਫਾਈਲ ਬਣਾਇਆ ਗਿਆ ਸੀ। ਹਰ ਫੋਟੋ ਵਿੱਚ ਉਸ ਨੇ ਲਿਖਿਆ, "ਪਤਨੀ ਕੈਟਰੀਨਾ ਕੈਫ"। ਉਸ ਨੇ ਵਿੱਕੀ ਨੂੰ ਧਮਕੀ ਵੀ ਦਿੱਤੀ ਕਿ ਉਹ ਕੈਟਰੀਨਾ ਤੋਂ ਦੂਰ ਰਹੇ, ਵਰਨਾ ਉਸ ਨੂੰ ਨਹੀਂ ਛੱਡੇਗਾ। ਐਤਵਾਰ ਨੂੰ ਵਿੱਕੀ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ।ਮੁੰਬਈ ਸਾਂਤਾਕਰੂਜ ਪੁਲਸ ਸਟੇਸ਼ਨ ਦੇ ਸੀਨੀਅਰ ਇੰਸਪੈਕਟਰ ਅਨੁਸਾਰ ਦੋਸ਼ੀ ਮਾਨਵਿੰਦਰ ਨੂੰ ਗ੍ਰਿਫਤਾਰ ਕਰ ਲਿਆ ਹੈ।

## ਯੂ ਪੀ ਏ ਸਰਕਾਰ ਵੇਲੇ ਮੋਦੀ ਤੇ ਸ਼ਾਹ ਨੂੰ ਏਜੰਸੀਆਂ ਜਾਂ ਸਿੱਟ ਰਾਹੀਂ ਕਦੇ ਤਲਬ ਨਹੀਂ ਸੀ ਕੀਤਾ: ਕਾਂਗਰਸ

ਨਵੀਂ ਦਿੱਲੀ, 26 ਜੁਲਾਈ (ਪੋਸਟ ਬਿਊਰੋ)- ਕਾਂਗਰਸ ਨੇ ਕੱਲ੍ਹ ਦਾਅਵਾ ਕੀਤਾ ਕਿ ਕਾਂਗਰਸ ਅਗਵਾਈ ਵਾਲੀ ਯੂ ਪੀ ਏ ਸਰਕਾਰ ਨੇ ਆਪਣੀਆਂ ਏਜੰਸੀਆਂ ਜਾਂ ਕਿਸੇ ਸਾਧਨ ਦੇ ਰਾਹੀਂ ਗੁਜਰਾਤ ਦੇ ਓਦੋਂ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਜਾਂ ਅਮਿਤ ਸ਼ਾਹ ਨੂੰ ਕਦੇ ਵੀ ਤਲਬ ਨਹੀਂ ਸੀ ਕੀਤਾ, ਜਿੱਦਾਂ ਭਾਜਪਾ ਕਰਵਾ ਰਹੀ ਹੈ।

ਇਸ ਮੌਕੇ ਕਾਂਗਰਸ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਵਿਰੋਧੀ ਨੇਤਾਵਾਂ ਨੂੰ ਨਿਸ਼ਾਨਾ ਬਣਾ ਕੇ ਬਦਲਾਖੋਰੀ ਦੀ ਰਾਜਨੀਤੀ ਕਰ ਰਹੀ ਹੈ। ਕਾਂਗਰਸ ਹੈਡਕੁਆਰਟਰ ਵਿੱਚ ਪ੍ਰੈਸ ਕਾਨਫਰੰਸ ਵਿੱਚ ਪਾਰਟੀ ਦੇ ਬੁਲਾਰੇ ਸ਼ਕਤੀ ਸਿੰਘ ਗੋਹਿਲ ਨੇ ਕਿਹਾ ਕਿ ਸੱਚਾਈ ਇਹ ਹੈ ਕਿ ਸੁਪਰੀਮ ਕੋਰਟ ਅਤੇ ਹਾਈ ਕੋਰਟ ਵੱਲੋਂ ਬਣਾਈ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਨੇ ਨਰਿੰਦਰ ਮੋਦੀ ਨੂੰ ਤਲਬ ਕੀਤਾ ਸੀ ਤੇ ਇਸ ਵਿੱਚ ਯੂ ਪੀ ਏ (ਸਾਂਝੇ ਪ੍ਰਗਤੀਸ਼ੀਲ ਗੱਠਜੋੜ) ਦਾ ਕੋਈ ਰੋਲ ਨਹੀਂ ਸੀ। ਉਨ੍ਹਾਂ ਕਿਹਾ ਕਿ 'ਭਾਰਤੀ ਜਨਤਾ ਪਾਰਟੀ ਅਤੇ ਇਸ ਨਾਲ ਕੁਝ ਜੁੜੇ ਲੋਕਾਂ ਵੱਲੋਂ ਇਹ ਦਾਅਵਾ ਕਰ ਕੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਗੁਜਰਾਤ ਦੇ ਮੁੱਖ ਮੰਤਰੀ ਹੁੰਦਿਆਂ ਨਰਿੰਦਰ ਮੋਦੀ ਬਿਨਾਂ ਵਿਰੋਧ ਕੀਤੇ 2002 ਦੇ ਗੁਜਰਾਤ ਦੰਗਿਆਂ ਦੀ ਜਾਂਚ ਕਰ ਰਹੀ ਐੱਸ ਆਈ ਟੀ ਸਾਹਮਣੇ ਪੇਸ਼ ਹੋਏ ਸਨ, ਪਰ ਸੱਚਾਈ ਇਹ ਹੈ ਕਿ ਜਦੋਂ ਐੱਸ ਆਈ ਟੀ ਨੇ ਮੋਦੀ ਨੂੰ ਸੱਦਿਆ ਸੀ ਤਾਂ ਭਾਜਪਾ ਨੇ ਪੂਰੇ ਗੁਜਰਾਤ ਵਿੱਚ ਕਾਂਗਰਸ ਅਤੇ ਗੱਠਜੋੜ ਸਰਕਾਰ ਅਤੇ ਗਵਰਨਰ ਖਿਲਾਫ ਦੇ ਨਾਅਰੇ ਲਿਖਵਾਏ ਸਨ।"

# ਭਾਜਪਾ ਵਿਧਾਇਕ ਨੂੰ ਭ੍ਰਿਸ਼ਟਾਚਾਰ ਦੇ ਦੋਸ਼ ਵਿੱਚ ਇੱਕ ਸਾਲ ਦੀ ਕੈਦ

* 12 ਹੋਰ ਲੋਕਾਂ ਨੂੰ ਵੀ ਸਜ਼ਾ ਅਤੇ ਜੁਰਮਾਨਾ ਵੀ ਲੱਗਾ



ਆਈਜ਼ਲ, 26 ਜੁਲਾਈ (ਪੋਸਟ ਬਿਊਰੋ)- ਭ੍ਰਿਸ਼ਟਾਚਾਰ ਦੇ ਇੱਕ ਕੇਸ ਵਿੱਚ ਸਥਾਨਕ ਅਦਾਲਤ ਨੇ ਭਾਜਪਾ ਦੇ ਸੂਬੇ ਦੇ ਇਕੱਲੇ ਵਿਧਾਇਕ ਬੁਧਾ ਧਨ ਚਕਮਾ ਅਤੇ 12 ਹੋਰਨਾਂ ਲੋਕਾਂ ਨੂੰ ਇੱਕ ਸਾਲ ਦੀ ਕੈਦ ਦੀ ਸਜ਼ਾ ਕੀਤੀ ਅਤੇ 10 ਹਜ਼ਾਰ ਰੁਪਏ ਜੁਰਮਾਨਾ ਲਾਇਆ ਹੈ। ਚਕਮਾ ਨੇ ਕਿਹਾ ਕਿ ਉਹ ਫੈਸਲੇ ਖਿਲਾਫ ਹਾਈ ਕੋਰਟ ਜਾਵੇਗਾ।

ਸਜ਼ਾ ਪਾਉਣ ਵਾਲਿਆਂ ਵਿੱਚ 49 ਸਾਲਾ ਭਾਜਪਾ ਵਿਧਾਇਕ ਤੋਂ ਇਲਾਵਾ ਚਕਮਾ ਖੁਦਮੁਖਤਿਆਰ ਜ਼ਿਲ੍ਹਾ ਪ੍ਰੀਸ਼ਦ ਦੇ ਮੁੱਖ ਕਾਰਜਕਾਰੀ ਮੈਂਬਰ ਤੇ ਸੁਤੰਤਰ ਬਾਡੀ ਦੇ ਤਿੰਨ ਸਾਬਕਾ ਸੀ ਈ ਐਮ ਵੀ ਸ਼ਾਮਲ ਹਨ। ਅਦਾਲਤ ਨੇ ਸ਼ੁੱਕਰਵਾਰ ਨੂੰ ਵਿਧਾਇਕ ਤੇ 12 ਹੋਰਨਾਂ ਨੂੰ ਭ੍ਰਿਸ਼ਟਾਚਾਰ ਨਿਵਾਰਣ ਐਕਟ 1988 ਹੇਠ ਇਹ ਕਹਿ ਕੇ ਦੋਸ਼ੀ ਕਰਾਰ ਦਿੱਤਾ ਕਿ ਉਨ੍ਹਾਂ ਨੇ ਸਰਕਾਰ ਵੱਲੋਂ ਵਿਕਾਸ ਕਾਰਜਾਂ ਲਈ ਅਲਾਟ ਕੀਤੇ 137.10 ਲੱਖ ਰੁਪਏ ਦੀ ਦੁਰਵਰਤੋਂ ਕੀਤੀ ਅਤੇ ਗਵਨਰਅਤੇ ਸੂਬਾ ਸਰਕਾਰ ਦੀ ਆਗਿਆ ਬਿਨਾਂ ਇਸ ਪੈਸੇ ਨੂੰ ਅਗਾਊਂ ਤਨਖਾਹ ਵਜੋਂ ਲਿਆ ਸੀ।

ਇਹ ਭ੍ਰਿਸ਼ਟਾਚਾਰ ਦਾ ਕੇਸਉਸ ਵਕਤ ਵਾਲੇ ਸੂਬਾਈ ਭਾਜਪਾ ਜਨਰਲ ਸਕੱਤਰ ਤੇ ਪਾਰਟੀ ਦੇ ਮੌਜੂਦਾ ਪ੍ਰਧਾਨ ਵਨਲਾਲਹਿਮੁਕਾ ਨੇ ਦਰਜ ਕਰਵਾਇਆ ਸੀ। ਇਸ ਵਿੱਚ 2013 ਵਿੱਚ ਓਦੋਂ ਦੇ ਗਵਰਨਰ ਨੂੰ ਲਿਖਤੀ ਸ਼ਿਕਾਇਤ ਦਿੱਤੀ ਗਈ ਸੀ। ਬੁਧਾ ਧਨ ਚਕਮਾ ਬਾਅਦ ਵਿੱਚ ਕਾਂਗਰਸ ਟਿਕਟ ਉੱਤੇ ਵਿਧਾਨ ਸਭਾ ਲਈ ਚੁਣਿਆ ਗਿਆ ਤੇ ਕਾਂਗਰਸੀ ਨੇਤਾ ਲਾਲ ਬਨਿ-ਹਵਾਲਾ ਦੀ ਅਗਵਾਈ ਵਾਲੀ ਓਦੋਂ ਦੀ ਰਾਜ ਸਰਕਾਰਦਾ ਮੰਤਰੀ ਵੀ ਰਿਹਾ। 2017 ਵਿੱਚ ਉਸ ਨੇ ਅਸਤੀਫਾ ਦੇ ਦਿੱਤਾ ਅਤੇ ਭਾਜਪਾ ਵਿੱਚ ਸ਼ਾਮਲ ਹੋ ਗਿਆ ਸੀ ਅਤੇ 2018 ਵਿੱਚ ਵਿਧਾਇਕ ਚੁਣਿਆ ਗਿਆ। ਉਹ ਸਰਹੱਦੀ ਪੂਰਬੀ ਉਤਰੀ ਸੂਬੇ ਤੋਂ ਭਾਜਪਾ ਦਾ ਪਹਿਲਾ ਵਿਧਾਇਕ ਬਣਿਆ ਸੀ।







## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







## ਫੌਨਾਂ ਦੇ ਸਸਤੇ ਪਲਾਨ ਗਾਂਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਿੱਖ ਰਾਜਪੂਤ (ਜੰਜੂਆ), ਜਨਮ ਦਸੰਬਰ, 1991, ਕੱਦ 5'11", ਕੈਨੇਡੀਅਨ ਸਿਟੀਜਨ, ਵੈੱਲ ਸੈਟਲਡ ਲੜਕੇ ਲਈ ਕੈਨੇਡੀਅਨ ਪੀਆਰ/ਸਿਟੀਜਨ, ਉਮਰ 25-27 ਸਾਲ, ਖਾਨਦਾਨੀ ਘਰਾਣੇ ਨਾਲ ਸੰਬੰਧਤ ਸੁੰਦਰ ਅਤੇ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 647-239-4866 ਅਤੇ 647-773-5902


ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11", B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013







## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013




## ਕੇਅਰ ਗਿਵਰ ਦੀ ਲੋੜ



ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com



# ਓਲੰਪਿਕ ਤਮਗਾ ਜੇਤੂ ਨੇ ਕਾਮਨਵੈੱਲਥ ਖੇਡਾਂ ਤੋਂ ਪਹਿਲਾਂ 'ਤੰਗ' ਕਰਨ ਦਾ ਦੋਸ਼ ਲਾਇਆ

ਨਵੀਂ ਦਿੱਲੀ, 26 ਜੁਲਾਈ (ਪੋਸਟ ਬਿਊਰੋ)- ਟੋਕੀਓ ਓਲੰਪਿਕ ਦੀ ਕਾਂਸੀ ਤਮਗਾ ਜੇਤੂ ਮੁੱਕੇਬਾਜ਼ ਲਵਲੀਨਾ ਬੋਰਗੋਹੇਨ ਨੇ ਚੋਟੀ ਦੀਆਂਕਾਮਨਵੈੱਲਥ ਖੇਡਾਂ ਤੋਂ ਤਿੰਨ ਦਿਨ ਪਹਿਲਾਂ 'ਮਾਨਸਿਕ ਤੌਰ ਉੱਤੇ ਤੰਗ' ਕਰਨ ਦਾ ਦੋਸ਼ ਲਾਉਂਦੇ ਹੋਏ ਕਿਹਾ ਕਿ ਉਸਦੀ ਕੋਚ ਨੂੰ ਖੇਡ ਪਿੰਡ ਵਿੱਚ ਐਂਟਰੀ ਦੀ ਮਨਜ਼ੂਰੀ ਨਹੀਂ ਦਿੱਤੀ ਜਾ ਰਹੀ।

ਲਵਲੀਨਾ ਨੇ ਕੱਲ੍ਹ ਟਵਿਟਰ ਉੱਤੇ ਇੱਕ ਪੋਸਟ ਪਾ ਕੇ ਕਿਹਾ,''ਅੱਜ ਮੈਂ ਬਹੁਤ ਦੁੱਖ ਦੇ ਨਾਲ ਕਹਿੰਦੀ ਹਾਂ ਕਿ ਮੇਰੇ ਨਾਲ ਬਹੁਤ ਧੱਕਾ ਕੀਤਾ ਜਾ ਰਿਹਾ ਹੈ। ਮੇਰੇ ਕੋਚ, ਜਿਨ੍ਹਾਂ ਨੇ ਮੈਨੂੰ ਓਲੰਪਿਕ ਦਾ ਤਮਗਾ ਜਿੱਤਣ ਵਿੱਚ ਮਦਦ ਕੀਤੀ, ਉਨ੍ਹਾਂ ਨੂੰ ਹਟਾ ਕੇ ਮੇਰੀ ਟ੍ਰੇਨਿੰਗ ਵਿੱਚ ਅੜਿੱਕਾ ਪਾਇਆ ਜਾਂਦਾ ਹੈ।''ਉਸ ਨੇ ਕਿਹਾ,''ਇਨ੍ਹਾਂ ਵਿੱਚੋਂ ਇੱਕ ਕੋਚ ਸੰਧਿਆ ਗੁਰੂਰੰਗਜੀ ਦ੍ਰੋਣਾਚਾਰੀਆ ਐਵਾਰਡ ਨਾਲ ਸਨਮਾਨਤ ਹੈ। ਮੇਰੇ ਦੋਵੇਂ ਕੋਚਾਂ ਨੂੰ ਹਜ਼ਾਰ ਵਾਰ ਹੱਥ ਜੋੜਨ ਤੋਂ ਬਾਅਦ ਕੈਂਪ ਵਿੱਚ ਟ੍ਰੇਨਿੰਗ ਲਈ ਬਹੁਤ ਦੇਰ ਨਾਲ ਸ਼ਾਮਲ ਕੀਤਾ ਗਿਆ, ਮੈਨੂੰ ਇਸ ਕਾਰਨ ਟ੍ਰੇਨਿੰਗ ਵਿੱਚ ਪ੍ਰੇਸ਼ਾਨੀਆਂ ਸਹਿਣੀਆਂ ਪਈਆਂ ਤੇ ਮਾਨਸਿਕ ਤੌਰ ਉੱਤੇ ਪ੍ਰੇਸ਼ਾਨੀ ਹੁੰਦੀ ਹੈ।''ਉਸ ਨੇ ਦੋਸ਼ ਲਾਇਆ ਕਿ ਉਸਦੀ ਕੋਚ ਸੰਧਿਆ ਗੁਰੂਰੰਗਜੀ ਨੂੰ ਖੇਡ ਪਿੰਡ ਦੀ ਐਂਟਰੀ ਦੀ ਮਨਜ਼ੂਰੀ ਨਹੀਂ ਦਿੱਤੀ ਜਾ ਰਹੀ ਸੀ।ਉਸ ਨੇ ਲਿਖਿਆ,''ਅਜੇ ਮੇਰੀ ਕੋਚ ਸੰਧਿਆ ਗੁਰੂਰੰਗਜੀ ਕਾਮਨਵੈੱਲਥਖੇਡ ਪਿੰਡ ਦੇ ਬਾਹਰ ਖੜ੍ਹੀ ਸੀ ਤੇ ਉਸ ਨੂੰ ਐਂਟਰੀ ਕਰਨ ਨਹੀਂ ਦਿੱਤੀ ਜਾ ਰਹੀ ਤੇ ਮੇਰੀ ਟ੍ਰੇਨਿੰਗ ਖੇਡਾਂ ਤੋਂ ਅੱਠ ਦਿਨ ਪਹਿਲਾਂ ਦੀਰੁਕੀ ਹੋਈ ਹੈ। ਮੇਰੇ ਦੂਜੇ ਕੋਚ ਨੂੰ ਭਾਰਤ ਭੇਜ ਦਿੱਤਾ ਗਿਆ ਹੈ। ਮੇਰੇ ਬਹੁਤ ਮਿੰਨਤਾਂ ਕਰਨ ਤੋਂ ਬਾਅਦ ਵੀ ਅਜਿਹਾ ਹੋਇਆ ਹੈ ਤੇ ਇਸ ਨਾਲ ਮੈਨੂੰ ਮਾਨਸਿਕ ਪ੍ਰੇਸ਼ਾਨੀ ਹੋਈ ਹੈ। ਮੈਨੂੰ ਸਮਝ ਨਹੀਂ ਪੈਂਦਾ ਕਿ ਮੈਂ ਖੇਡ ਉੱਤੇ ਕਿਵੇਂ ਧਿਆਨ ਦੇਵਾਂ।''ਉਸ ਨੇ ਕਿਹਾ,''ਇਸ ਕਾਰਨ ਮੇਰੀ ਪਿਛਲੀ ਵਿਸ਼ਵ ਚੈਂਪੀਅਨਸ਼ਿਪ ਵੀ ਖ਼ਰਾਬ ਹੋਈ ਸੀ। ਇਸ ਰਾਜਨੀਤੀ ਦੇ ਕਾਰਨ ਮੈਂ ਆਪਣੀਆਂ ਕਾਮਨਵੈੱਲਥਖੇਡਾਂ ਖ਼ਰਾਬ ਨਹੀਂ ਕਰਨਾ ਚਾਹੁੰਦੀ। ਆਸ ਕਰਦੀ ਹਾਂ ਕਿ ਮੈਂ ਆਪਣੇ ਦੇਸ਼ ਲਈ ਇਸ ਰਾਜਨੀਤੀ ਨੂੰ ਤੋੜ ਕੇ ਤਮਗਾ ਲਿਆ ਸਕਾਂਗੀ।''










FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017